1920 ਤੋਂ


ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 101
ਨੰਬਰ 21

੨ ਪੋਹ ਤੋਂ ੧੭ ਪੋਹ ੨੦੭੮ ਬਿ.
16 to 31 Dec 2021

# ਸਤਿਜੁਗ



10/-

# ਸ੍ਰੀ ਭੈਣੀ ਸਾਹਿਬ ਵਿਖੇ 20 ਤੋਂ 22 ਨਵੰਬਰ ਦੌਰਾਨ ਹੋਏ ਸੰਗੀਤ ਸੰਮੇਲਨ ਦੀਆਂ ਝਲਕੀਆਂ

ਮਿਤੀ: 20 ਨਵੰਬਰ 2021



















# ਸਤਿਜੁਗ

੨ ਤੋਂ ੧੭ ਪੋਹ ੨੦੭੮ ਬਿ.

16 ਤੋਂ 31 ਦਸੰਬਰ 2021 ਈ.

ਜਿਲਦ 101, ਨੰਬਰ 21



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

ਸੰਪਾਦਕ

ਜਸਵੰਤ ਸਿੰਘ ਮਸਤ
ਗੁਰਲਾਲ ਸਿੰਘ
ਭਜਨ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਹਾਕਮ ਸਿੰਘ, ਯੁਵਰਾਜ ਸਿੰਘ
ਤਰਨ ਬੱਲ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 98550-58178
89267-83000, 98155-75099
***Email- Satjug@sribhainisahib.com***


# ਤਤਕਰਾ


* ਸੰਪਾਦਕੀ – ਇਤਿਹਾਸ ਦਾ ਵਿਲੱਖਣ ਪੰਨਾ
  ਜਸਵੰਤ ਸਿੰਘ ਮਸਤ................................4
* ਗੁਰਬਾਣੀ ਵਿਆਖਿਆ........................................6
* ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ.......................8
* ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ.....................8
* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ.........................9
* ਬਾਬਾ ਮੋਤੀ ਰਾਮ ਮਹਿਰਾ ਜੀ ਦੀ ਸ਼ਹੀਦੀ ਦਾਸਤਾਨ
  ਡਾ. ਮਨਮੋਹਨ ਸਿੰਘ................................10
* ਸਤਿਗੁਰੂ ਜਗਜੀਤ ਸਿੰਘ ਜੀ ਅਤੇ ਗੁਰਬਾਣੀ ਦਾ ਸਤਿਕਾਰ
  ਦਵਿੰਦਰ ਸਿੰਘ ਗਿੱਲ (ਜੀਆ ਨੱਥਾ).................15
* ਪੰਜਾਬੀ ਸ਼ਹੀਦਾਂ ਦੇ ਅੰਗ-ਸੰਗ ਵਿਸ਼ਨੂੰ ਗਣੇਸ਼ ਪਿੰਗਲੇ
  ਗੁਰਦੇਵ ਸਿੰਘ ਸਿੱਧੂ.................................17
* ਅਲ ਵਿਦਾਅ! ਸ਼ਬਦ ਰਤਨ ਮਾ. ਅਮਰੀਕ ਸਿੰਘ ਜੀ
  ਸੁਵਰਨ ਸਿੰਘ ਵਿਰਕ...............................20
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ...........................22
* The Secret of the 'Khanda' on Satguru Ram Singh Ji's Turban
  Harjinder Singh Kanwal..............................25
* A Saga of Sri Satguru Jagjit Singh ji
  Dr. Sharada Jayagovind ........................29
* ਕਾਵਿ-ਕਿਆਰੀ.............................................31
* ਸੁੱਚੇ-ਮੋਤੀ.................................................34
* ਬੱਚਿਆਂ ਦਾ ਪੰਨਾ..........................................35
* ਖ਼ਬਰਨਾਮਾ.................................................36


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਿਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

ਸੰਪਾਦਕੀ

# ਇਤਿਹਾਸ ਦਾ ਵਿਲੱਖਣ ਪੰਨਾ

ਹਿੰਦੋਸਤਾਨ ਦੇ ਇਤਿਹਾਸ ਦਾ ਲਹੂ-ਭਿੱਜਾ ਪੰਨਾ ਹੈ ਸਾਹਿਬਜ਼ਾਦਿਆਂ ਦੀ ਸ਼ਹੀਦੀ। ਸਾਹਿਬਜ਼ਾਦਿਆਂ ਨੇ ਇਤਿਹਾਸ ਦਾ ਉਹ ਪੰਨਾ ਸਿਰਜਿਆ ਜੋ ਪਹਿਲਾਂ ਕਦੇ ਵੀ ਨਹੀਂ ਸੀ ਵਾਪਰਿਆ। ਗੁਰੂ ਨਾਨਕ ਸਾਹਿਬ ਦੇ ਅਵਤਾਰ ਧਾਰਨ ਦੇ ਨਾਲ ਹੀ ਇਤਿਹਾਸ ਦੀ ਇਕ ਨਵੀਂ ਕਿਤਾਬ ਦੀ ਸ਼ੁਰੂਆਤ ਹੋਈ। ਜਿਸੇ ਦੇ ਸਰਵਰਕ ਤੇ ਲਿਖਿਆ ਹੋਇਆ ਸੀ-

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥

ਜਿਸ ਦੇ ਵਿਚ ਸਮੇਂ-ਸਮੇਂ ਨਵੇਂ ਅਧਿਆਏ ਸਿਰਜੇ ਗਏ। ਉਨ੍ਹਾਂ ਵਿੱਚ ਕੁਝ ਅਧਿਆਇ ਬੜੇ ਅਨੋਖੇ ਹਨ। ਜਿਨ੍ਹਾਂ ਨਾਲ ਦੀਆਂ ਮਿਸਾਲਾਂ ਵਿਸ਼ਵ ਇਤਿਹਾਸ ਵਿੱਚ ਵੀ ਲੱਭਣੀਆਂ ਮੁਸ਼ਕਲ ਹੋ ਜਾਂਦੀਆਂ ਹਨ। ਅਜਿਹਾ ਹੀ ਇਕ ਅਧਿਆਏ ਹੈ 'ਸ਼ਹੀਦੀਆਂ' ਦਾ। ਸ਼ਹੀਦੀਆਂ ਤਾਂ ਵਿਸ਼ਵ ਦੇ ਲਗਪਗ ਸਾਰੇ ਦੇਸ਼ਾਂ ਵਿੱਚ ਹੋਈਆਂ ਹੋਣਗੀਆਂ। ਪਰ ਜਿਸ ਢੰਗ ਦੇ ਨਾਲ ਤੇ ਜਿਸ ਕਾਰਨ ਜਾਂ ਮਨੋਰਥ ਦੇ ਲਈ ਗੁਰੂ ਨਾਨਕ ਦੇ ਜਾਨਸ਼ੀਨਾਂ ਜਾਂ ਪੈਰੋਕਾਰਾਂ ਨੇ ਸ਼ਹੀਦੀਆਂ ਦਿੱਤੀਆਂ ਉਹ ਆਪਣੇ ਆਪ ਦੇ ਵਿੱਚ ਵਿਲੱਖਣਤਾ ਹਾਸਲ ਕਰਦੀਆਂ ਹਨ। ਸਭ ਤੋਂ ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਹੀਦੀ ਦੇ ਕੇ ਸ਼ਹੀਦੀਆਂ ਦੇ ਇਤਿਹਾਸ ਦੇ ਨਵੇਂ ਅਧਿਆਏ ਦੀ ਸ਼ੁਰੂਆਤ ਕੀਤੀ, ਜਿਸ ਕਾਰਨ ਉਨ੍ਹਾਂ ਨੂੰ ਸ਼ਹੀਦਾਂ ਦੇ ਸਰਤਾਜ ਆਖਿਆ ਗਿਆ। ਸ੍ਰੀ ਗੁਰੂ ਜੀ ਦੀ ਬਾਣੀ ਵੀ ਇਹੋ ਸਿੱਖਿਆ ਦਿੰਦੀ ਹੈ ਕਿ ਸਿੱਖ ਨੂੰ ਮੌਤ ਤੋਂ ਨਹੀਂ ਡਰਨਾ ਚਾਹੀਦਾ-

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥

ਇਸ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਅਗਲਾ ਤੇ ਅਨੋਖਾ ਪੰਨਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਹੈ, ਉਨ੍ਹਾਂ ਨੇ ਪੰਡਤਾਂ ਦੀ ਪੁਕਾਰ ਨੂੰ ਸੁਣਦਿਆਂ ਹੋਇਆਂ ਔਰੰਗਜ਼ੇਬ ਦੀ ਧਰਮ ਪਰਿਵਰਤਨ ਨੀਤੀ ਦੇ ਵਿਰੋਧ ਵਿਚ ਸਨਾਤਨ ਧਰਮ ਦੀ ਰੱਖਿਆ ਲਈ ਸ਼ਹੀਦੀ ਦਿੱਤੀ। ਬੇਸ਼ੱਕ ਗੁਰੂ ਜੀ ਖ਼ੁਦ ਦੇਵੀ-ਦੇਵਤਿਆਂ ਦੇ ਪੂਜਕ ਨਹੀਂ ਸਨ ਤੇ ਨਾ ਹੀ

ਪੰਡਤਾਂ ਵਾਂਗ ਕਿਸੇ ਮੰਦਰ ਵਿਸ਼ੇਸ਼ ਦੇ ਪੂਜਕ ਸਨ, ਪੰਡਤਾਂ ਦਾ ਮੱਤ ਵੱਖਰਾ ਸੀ ਤੇ ਗੁਰੂ ਜੀ ਦਾ ਮੱਤ ਵੱਖਰਾ ਪਰ ਫਿਰ ਵੀ ਗੁਰੂ ਜੀ ਨੇ ਪੰਡਤਾਂ ਦੇ ਧਰਮ ਦੀ ਰੱਖਿਆ ਲਈ ਸ਼ਹੀਦੀ ਦਿੱਤੀ। ਇਸ ਕਿਤਾਬ ਦੇ ਅਗਲੇ ਪੰਨੇ ਤੇ ਉਹ ਇਤਿਹਾਸ ਹੈ ਜੋ ਕਦੀ ਵੀ ਹਿੰਦੋਸਤਾਨ ਦੇ ਵਿਚ ਨਹੀਂ ਸੀ ਵਾਪਰਿਆ, ਵਿਸ਼ਵ ਵਿੱਚ ਵੀ ਇਸ ਨਾਲ ਦੀ ਮਿਸਾਲ ਲੱਭਣੀ ਮੁਸ਼ਕਿਲ ਹੈ। ਇਤਿਹਾਸ ਦਾ ਇਹ ਪੰਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨਾਲ ਸਿਰਜਿਆ ਗਿਆ। ਸ਼ਹੀਦੀ ਦਾ ਬੇਮਿਸਾਲ ਇਤਿਹਾਸ ਸਦੀਆਂ ਤੱਕ ਵਿਸ਼ਵ ਦੇ ਬੱਚਿਆਂ ਤੇ ਵੱਡਿਆਂ ਲਈ ਪ੍ਰੇਰਨਾਦਾਇਕ ਰਹੇਗਾ। ਔਰੰਗਜ਼ੇਬ ਦਾ ਸ਼ਾਸਨ ਐਨਾ ਜ਼ਾਲਮ ਤੇ ਬੇਦਰਦ ਸੀ ਕਿ ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਤਾਂ ਸ਼ਹੀਦ ਕੀਤੇ ਹੀ ਪਰ ਛੋਟੇ ਸਾਹਿਬਜ਼ਾਦੇ ਵੀ ਅਨੇਕਾਂ ਤਸੀਹੇ ਦੇ ਕੇ ਸ਼ਹੀਦ ਕਰ ਦਿੱਤੇ। ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਤੋਂ ਬਾਅਦ ਸਿਰਸਾ ਨਦੀ ਪਾਰ ਕਰਨ ਸਮੇਂ ਵੱਡੇ ਸਾਹਿਬਜ਼ਾਦੇ ਗੁਰੂ ਗੋਬਿੰਦ ਸਿੰਘ ਜੀ ਨਾਲ ਚਮਕੌਰ ਸਾਹਿਬ ਚਲੇ ਗਏ। ਛੋਟੇ ਸਾਹਿਬਜ਼ਾਦੇ ਮਾਤਾ ਗੁਜਰੀ ਜੀ ਨਾਲ ਰਹਿ ਗਏ। ਮਾਤਾ ਜੀ ਤੇ ਛੋਟੇ-ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਨਵਾਬ ਵਜ਼ੀਰ ਖਾਂ ਦੇ ਸੈਨਿਕ ਫੜ ਕੇ ਲੈ ਗਏ। ਦੂਸਰੇ ਪਾਸੇ ਵੱਡੇ ਸਾਹਿਬਜ਼ਾਦੇ ਗੁਰੂ ਗੋਬਿੰਦ ਸਿੰਘ ਜੀ ਨਾਲ ਚਮਕੌਰ ਦੀ ਗੜ੍ਹੀ ਵਿੱਚ ਚਲੇ ਗਏ। ਗੁਰੂ ਜੀ ਨਾਲ ਗੜੀ ਵਿੱਚ ਮੁੱਠੀ ਭਰ ਸਿੰਘ ਮੌਜੂਦ ਸਨ ਪਰ ਬਾਹਰ ਲੱਖਾਂ ਦੀ ਗਿਣਤੀ ਵਿੱਚ ਮੁਗ਼ਲ ਸੱਤਾ ਦੀ ਸੈਨਾ ਖੜ੍ਹੀ ਸੀ। ਪੰਜ-ਪੰਜ ਸਿੰਘਾਂ ਦਾ ਜਥਾ ਗੜ੍ਹੀ ਤੋਂ ਬਾਹਰ ਜਾਂਦਾ ਤੇ ਜਾ ਕੇ ਮੁਗਲਾਂ ਨਾਲ ਲੜਦਾ ਹੋਇਆ ਸ਼ਹੀਦੀ ਪਾਉਂਦਾ। ਫਿਰ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਨੇ ਜੰਗ ਦੇ ਮੈਦਾਨ ਵਿੱਚ ਜਾਣ ਦੀ ਆਗਿਆ ਮੰਗੀ ਤਾਂ ਗੁਰੂ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਥਾਪੜਾ ਦੇ ਕੇ ਜੰਗ ਦੇ ਮੈਦਾਨ ਨੂੰ ਤੋਰਿਆ। ਜਦ ਗੁਰੂ ਜੀ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਜੰਗ ਦੇ ਮੈਦਾਨ ਵੱਲ ਤੋਰ ਰਹੇ ਸੀ ਤਾਂ ਸਿੰਘਾਂ ਨੇ ਕਿਹਾ ਕਿ ਤੁਸੀਂ ਸਾਹਿਬਜ਼ਾਦੇ ਨੂੰ ਨਾ ਭੇਜੋ ਪਰ ਗੁਰੂ ਜੀ ਨੇ ਕਿਹਾ ਕਿ ਮੇਰੇ ਲਈ ਸਿੱਖਾਂ ਤੇ ਸਾਹਿਬਜ਼ਾਦਿਆਂ ਵਿੱਚ ਕੋਈ ਅੰਤਰ ਨਹੀਂ। ਸਾਹਿਬਜ਼ਾਦਾ ਅਜੀਤ ਸਿੰਘ ਤੋਂ ਬਾਅਦ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਸਤਿਗੁਰੂ ਜੀ ਨੂੰ ਬੇਨਤੀ ਕਰਕੇ ਜੰਗ ਦੇ ਮੈਦਾਨ ਵਿੱਚ ਜਾਣ ਦੀ ਆਗਿਆ ਲਈ-

ਗਲ ਵਿੱਚ ਪੱਲਾ ਪਾ ਕੇ ਉੱਠਿਆ ਜੁਝਾਰ ਸਿੰਘ
ਬਾਰਾਂ ਸਾਲ ਉਮਰ ਮੈਂ ਬੋਲ ਕੇ ਸੁਣਾਂਵਦਾ।
ਹੱਥ ਜੋੜ ਆਗਿਆ ਖਲੋਤਾ ਮੰਗੇ ਪਿਤਾ ਕੋਲੋਂ
ਦਿਓ ਮੈਨੂੰ ਆਗਿਆ ਮੈਂ ਜੰਗ ਵਿੱਚ ਜਾਂਵਦਾ।
ਵੈਰੀਆਂ ਦੇ ਕੋਲੋਂ ਵੈਰ ਲੈਣਾ ਹੈ ਮੈਂ ਵੀਰ ਵਾਲਾ
ਜੀਉਂਦਾ ਜੰਗ ਵਿਚੋਂ ਆ ਕੇ ਮੁਖ ਨਹੀਂ ਵਖਾਂਵਦਾ।
ਛੇਤੀ ਦਿਓ ਆਗਿਆ ਪਿਤਾ ਜੀ ਕਹਿੰਦੇ ਸੋਹਣ ਸਿੰਘਾ
ਸੱਚਾ ਸਤਿਗੁਰੂ ਦਿਲ ਖੁਸ਼ੀ ਹੈ ਮਨਾਂਵਦਾ।

ਇਸ ਤਰ੍ਹਾਂ ਦੋਵੇਂ ਵੱਡੇ ਸਾਹਿਬਜ਼ਾਦੇ ਸ਼ਹੀਦੀ ਪ੍ਰਾਪਤ ਕਰ ਗਏ। ਦੂਸਰੇ ਪਾਸੇ ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਦੇ ਅੱਗੇ ਲਿਜਾ ਕੇ ਪੇਸ਼ ਕੀਤਾ ਗਿਆ ਤਾਂ ਉਨ੍ਹਾਂ ਨੇ ਜਾਂਦਿਆਂ ਹੀ ਸੂਬੇ ਅੱਗੇ ਸਿਰ ਝੁਕਾਉਣ ਦੀ ਬਜਾਏ ਫਤਹਿ ਬੁਲਾਈ। ਸਾਹਿਬਜ਼ਾਦਿਆਂ ਨੂੰ ਕਈ ਤਰ੍ਹਾਂ ਦੇ ਲਾਲਚ ਦਿੱਤੇ ਗਏ ਪਰ ਉਹ ਕਿਸੇ ਵੀ ਲਾਲਚ ਵਿੱਚ ਨਾ ਆਏ ਮਾਤਾ ਗੁਜਰੀ ਜੀ ਨੇ ਐਸੀ ਸਿੱਖਿਆ ਦਿੱਤੀ ਕਿ ਇਕ ਦੀ ਉਮਰ ਪੰਜ ਸਾਲ ਤੇ ਦੂਸਰੇ ਦੀ ਅੱਠ ਸਾਲ ਦੇ ਲਗਪਗ ਹੋਣ ਦੇ ਬਾਵਜੂਦ ਉਹ ਡੋਲੇ ਨਾ ਅਨੇਕਾਂ ਤਰ੍ਹਾਂ ਦੇ ਕਸ਼ਟਾਂ ਨੂੰ ਸਹਿੰਦਿਆਂ ਹੋਇਆਂ ਛੋਟੇ ਸਾਹਿਬਜ਼ਾਦੇ ਵੀ ਸ਼ਹੀਦੀ ਪ੍ਰਾਪਤ ਕਰ ਗਏ। ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਪ੍ਰਭਾਵਿਤ ਹੁੰਦਿਆਂ ਹੋਇਆਂ। ਮੈਥਲੀ ਸ਼ਰਣ ਨੇ ਲਿਖਿਆ ਸੀ-

ਜਿਸ ਕੁਲ ਜਾਤੀ ਦੇਸ ਕੇ ਬੱਚੇ
ਦੇ ਸਕਤੇ ਹੈਂ ਯੌਂ ਬਲੀਦਾਨ।
ਉਸਕਾ ਵਰਤਮਾਨ ਕੁਛ ਭੀ ਹੋ
ਭਵਿਸ਼ਯ ਹੈ ਮਹਾਂ ਮਹਾਨ॥

**ਜਸਵੰਤ ਸਿੰਘ 'ਮਸਤ'**
**jaswantsinghmast@gmail.com**

# ਗੁਰਬਾਣੀ ਵਿਆਖਿਆ- ਜਪੁ ਸਾਹਿਬ

**ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥**

ਜੇ ਮੇਰੀ ਇੱਕ ਜੀਭ ਤੋਂ ਲੱਖ ਜੀਭਾਂ ਬਣ ਜਾਣ, ਲੱਖ ਤੋਂ ਵੀਹ ਲੱਖ ਹੋ ਜਾਣ।

If my one tongue multiplies to a *lakh*,
and the *lakh* multiplies to twenty *lakhs*.

**ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥**

ਹਰੇਕ ਜੀਭ ਨਾਲ ਲੱਖਾਂ ਵਾਰੀ ਇੱਕ ਪ੍ਰਭੂ ਦਾ ਨਾਮ ਜਪਾਂ।

If I recite the God's Name (*Naam*), millions of times with each tongue.

**ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥**

ਇਹ ਤਾਂ ਰਸਤਾ ਹੈ, ਜਿਸ ਵਿੱਚ ਪਤੀ-ਪਰਮੇਸ਼ਰ ਦੇ ਮਹੱਲ ਦੀਆਂ ਪਉੜੀਆਂ ਹਨ, ਉਹਨਾਂ ਉੱਤੇ ਚੜ੍ਹਨ ਨਾਲ ਪਰਮੇਸ਼ਰ ਨਾਲ ਇੱਕ ਹੋਈਦਾ ਹੈ।

This route leads to the steps of the palace of my husband-God;
when I take those steps, I will become 'one' with God.

**ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥**

ਆਕਾਸ਼ ਦੀਆਂ ਗੱਲਾਂ ਸੁਣ ਕੇ ਕੀੜਿਆਂ ਨੂੰ ਵੀ ਰੀਸ ਆਈ ਕਿ ਅਸੀਂ ਵੀ ਆਕਾਸ਼ 'ਤੇ ਪਹੁੰਚ ਜਾਈਏ।

Hearing about the skies, the ants also aspire to reach the skies.

**ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥੩੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਰਹਿਮਤ ਨਾਲ ਮਿਲਦਾ ਹੈ, ਝੂਠੇ ਮਨੁੱਖ ਦੀ ਵਡਿਆਈ ਝੂਠੀ ਹੈ।

*Satguru Nanak* says that one can attain God only by His grace;
the boastings of a liar are fake.

**ਆਖਣਿ ਜੋਰੁ ਚੁਪੈ ਨਹ ਜੋਰੁ ॥**

ਜੀਵ ਦੀ ਬੋਲਣ ਅਤੇ ਚੁੱਪ ਰਹਿਣ ਵਿੱਚ ਕੋਈ ਤਾਕਤ ਨਹੀਂ।

With one's strength, one can neither speak nor remain silent (The act of speaking and remaining silent is not under the control/ambit of a human).

**ਜੋਰੁ ਨ ਮੰਗਣਿ ਦੇਣਿ ਨ ਜੋਰੁ ॥**

ਮੰਗਣ ਅਤੇ ਦੇਣ ਵਿੱਚ ਵੀ ਇਸਦਾ ਕੋਈ ਜ਼ੋਰ ਨਹੀਂ ਹੈ।

With one's strength, one can neither ask nor give.

**ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥**

ਜੰਮਣ ਅਤੇ ਮਰਨ ਵਿੱਚ ਵੀ ਇਸਦੀ ਆਪਣੀ ਕੋਈ ਤਾਕਤ ਨਹੀਂ ਹੈ।

With one's strength, one can neither be born nor die.

**ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥**

ਰਾਜ ਤੇ ਪਦਾਰਥਾਂ ਦੀ ਪ੍ਰਾਪਤੀ ਵਿੱਚ ਵੀ ਇਸਦਾ ਕੋਈ ਜ਼ੋਰ-ਸ਼ੋਰ ਨਹੀਂ।

With one's strength, one cannot obtain kingdom or wealth.

**ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥**

ਗਿਆਨ ਦੀ ਵਿਚਾਰ ਅਤੇ ਸੁਰਤੀ ਟਿਕਾਉਣ ਵਿੱਚ ਵੀ ਇਸਦੀ ਆਪਣੀ ਕੋਈ ਤਾਕਤ ਨਹੀਂ ਹੈ।

Even reflecting on knowledge and practicing stillness (meditation) is not due to one's own effort.

**ਜੋਰੁ ਨ ਜੁਗਤੀ ਛੁਟੈ ਸੰਸਾਰੁ ॥**

ਇਸ ਵਿੱਚ ਇਹ ਵੀ ਤਾਕਤ ਨਹੀਂ ਹੈ ਕਿ ਇਹ ਕਿਸੇ ਢੰਗ ਨਾਲ ਮਾਇਆਵੀ ਸੰਸਾਰ ਤੋਂ ਛੁੱਟ ਜਾਏ।

One does not have the strength to escape from this illusory world.

**ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥**

ਜਿਸ ਦੇ ਹੱਥ ਵਿੱਚ ਇਹ ਸਾਰੀ ਤਾਕਤ ਹੈ, ਉਹੀ ਆਪਣੀ ਤਾਕਤ ਵਰਤ ਕੇ ਵੇਖਦਾ ਹੈ।

The one who has the whole strength (the God), is the only one capable of using it.

**ਨਾਨਕ ਉਤਮੁ ਨੀਚੁ ਨ ਕੋਇ ॥੩੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉੱਚਾ ਤੇ ਨੀਵਾਂ ਕੋਈ ਨਹੀਂ ਹੈ।

*Satguru Nanak* says that no one is superior or inferior.

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ**

# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਖਾਲਸਾ ਜੀ ਸਭ ਨੇ ਬਾਣੀ ਕੰਠ ਕਰਨੀ ਕੁੜੀ ਮੁੰਡੇ ਨੇ, ਨਾਲੇ ਮਾਲਾ ਫੇਰਨੀ। ਪੰਜ ਗ੍ਰੰਥ ਜੋ ਪੜੂਗਾ ਓਸਨੂ ਬਹੁਤ ਫਾਇਦਾ ਹੋਊਗਾ। ਏਸ ਤਰਾ ਨਾ ਆਖਿਓ ਰਾਮ ਸਿੰਘ ਨੂ ਬਾਣੀ ਨੇ ਫੜਾਇ ਦਿਤਾ, ਸਾਨੂ ਕੀ ਕਰੂਗੀ। ਮੈਨੂ ਮੇਰੇ ਕਿਸੇ ਖੋਟੇ ਕਰਮ ਨੇ ਏਥੇ ਲੈ ਆਦਾ ਪਰ ਭਜਨ ਬਾਣੀ ਨੇ ਏਥੇ ਬੀ ਮੈਨੂ ਦੁਖ ਮੈ ਸੁਖ ਦੇ ਛੋਡਾ ਹੈ। ਦੇਖਣਾ ਢਿਲੇ ਨਾ ਪੈ ਜਾਣਾ, ਅਗੇ ਤੁਸੀ ਜਾਣੋ। ਗੁਰੂ ਜੀ ਦੇ ਹੁਕਮ ਬਲਿ ਧਿਆਨ ਕਰਨਾ।

# ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਸਿੱਖ ਜਰੂਰ ਬਣੋ



ਮੈਂ ਨਾਮਧਾਰੀ ਨੌਜੁਆਨਾਂ, ਪੜ੍ਹਿਆਂ-ਲਿਖਿਆਂ, ਡਾਕਟਰਾਂ, ਸਾਹਿਤਕਾਰਾਂ, ਕਵੀਆਂ, ਇੰਜੀਨੀਅਰਾਂ ਤੇ ਜਿਹੜੇ ਵੀ ਬੁੱਧੀਜੀਵੀ ਸਮਝਦੇ ਨੇ ਆਪਣੇ-ਆਪ ਨੂੰ, ਡਾ. ਸਰਦਾਰਾ ਸਿੰਘ ਜੌਹਲ ਕਹਿੰਦਾ ਹੈ ਕਿ ਸਿੱਖ ਤੇ ਬੁੱਧੀਜੀਵੀ ਹੋ ਹੀ ਨਹੀਂ ਸਕਦਾ, ਕਿਸ ਕਰਕੇ? ਕਿ ਉਸਨੇ ਅਜੇ ਸਿੱਖਣਾ ਹੁੰਦਾ ਹੈ ਹੋਰ ਕੁੱਝ। ਸਿੱਖ ਜੇ ਆਪਣੇ ਆਪ ਨੂੰ ਬੁੱਧੀਜੀਵੀ ਸਮਝ ਲਵੇ ਫੇਰ ਤੇ ਗੱਲ ਖ਼ਤਮ ਹੋ ਗਈ ਸਿੱਖਣ ਵਾਲੀ। ਸਿੱਖ, ਭਾਵ ਕਿ ਤੂੰ ਹੋਰ ਸਿੱਖ। ਮੈਂ ਜਿਨ੍ਹਾਂ ਦਾ ਨਾਮ ਲਿਆ ਹੈ, ਇਨ੍ਹਾਂ ਸਾਰਿਆਂ ਨੂੰ ਅਰਜ਼ ਕਰਾਂਗਾ ਕਿ ਤੁਸੀਂ ਡਾਕਟਰ ਬਣੋ, ਵਕੀਲ ਬਣੋ, ਸਾਹਿਤਕਾਰ ਬਣੋ, ਕਵੀ ਬਣੋ, ਲੈਕਚਰਾਰ ਬਣੋ, ਤੁਸੀਂ M.L.A. ਬਣੋ, ਤੁਸੀਂ ਮਨਿਸਟਰ ਬਣੋ, ਚੀਫ਼ ਮਨਿਸਟਰ ਬਣੋ, ਕੁੱਝ ਵੀ ਬਣੋ, ਪਰ ਸਿੱਖ ਜਰੂਰ ਬਣੋ, ਇਨ੍ਹਾਂ ਸਾਰਿਆਂ ਅਹੁਦਿਆਂ ਤੋਂ ਸਿੱਖ ਬਹੁਤ ਉੱਚੀ ਚੀਜ਼ ਹੈ। ਸੱਚੇ ਪਾਤਸ਼ਾਹ (ਸਤਿਗੁਰੂ ਪ੍ਰਤਾਪ ਸਿੰਘ ਜੀ) ਦੇ ਉਪਦੇਸ਼ ਵਿੱਚ ਬਚਨ ਆਉਂਦਾ ਹੈ, ਉਨ੍ਹਾਂ ਸਿੱਖੀ ਦਾ ਸਰੂਪ ਦੱਸ ਕੇ ਬਚਨ ਕੀਤਾ ਹੈ ਕਿ ਤੁਸੀਂ ਸਿੱਖ ਬਣਨਾ ਹੈ ? ਕਿ ਦੁਨੀਆਂਦਾਰ ਬਣਨਾ ਹੈ ?

# ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ

**22 ਨਵੰਬਰ 2021** **ਸੰਗੀਤ ਸੰਮੇਲਨ, ਸ੍ਰੀ ਭੈਣੀ ਸਾਹਿਬ**

ਸ੍ਰੀ ਰਾਕੇਸ਼ ਚੌਰਸੀਆ ਜੀ, ਸ੍ਰੀ ਯੋਗੇਸ਼ ਜੀ ਤੇ ਸਤਿਕਾਰਯੋਗ ਸਾਧ ਸੰਗਤ ਜੀ ਅਤੇ ਬਾਹਰੋਂ ਆਏ ਹੋਏ ਸੰਗੀਤ ਪ੍ਰੇਮੀਓ ਇੱਥੇ ਆ ਕੇ ਤੁਸੀਂ ਸੰਗੀਤ ਸੁਣਿਆ ਹੈ, ਸੰਗੀਤ ਬਹੁਤ ਜਗ੍ਹਾ ਹੁੰਦਾ ਹੈ ਪਰ ਇੱਥੋਂ ਦਾ ਜੋ ਮਾਹੌਲ ਹੈ, ਉਹ ਸਤਿਗੁਰੂ ਜੀ ਦੀ ਕ੍ਰਿਪਾ ਦੇ ਨਾਲ ਅਲੱਗ ਸਿਰਜਿਆ ਜਾਂਦਾ ਹੈ। ਜੋ ਆਰਟਿਸਟ ਇੱਥੇ ਆਉਂਦੇ ਹਨ ਉਹ ਸਿਰਫ਼ ਇੱਕ ਪ੍ਰੋਗਰਾਮ ਕਰਨ ਨਹੀਂ ਆਉਂਦੇ ਜਿਸ ਤਰ੍ਹਾਂ ਯੋਗੇਸ਼ ਜੀ ਨੇ ਕਿਹਾ ਸੀ, ਇੱਥੇ ਇਕ ਹਾਜ਼ਰੀ ਲਵਾਉਣ ਆਉਂਦੇ ਹਨ। ਇਹ ਕਿਰਪਾ ਹੈ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੀ ਜਿਨ੍ਹਾਂ ਨੇ ਸਾਨੂੰ ਇਹ ਸੰਗੀਤ ਦੀ ਦੇਣ ਦਿੱਤੀ ਹੈ। ਇਸ ਸੰਗੀਤ ਨਾਲ ਪ੍ਰੇਮ ਕਰਨਾ ਸਿਖਾਇਆ ਹੈ, ਕੱਲ੍ਹ ਕੌਸ਼ਕੀ ਜੀ ਵੀ ਇਹ ਗੱਲ ਕਹਿ ਰਹੇ ਸਨ ਕੇ ਸੁਰ ਵਿੱਚ ਹੀ ਪਰਮਾਤਮਾ ਹੈ। ਜਿਸ ਤਰ੍ਹਾਂ ਤੁਸੀਂ ਇਨ੍ਹਾਂ ਕਲਾਕਾਰਾਂ ਨੂੰ ਸੁਣਿਆ ਹੈ। ਉਨ੍ਹਾਂ ਨੇ ਵਾਕਿਆ ਹੀ ਸੁਰ ਵਿਚ ਹੀ ਪ੍ਰਮਾਤਮਾ ਪਾਇਆ ਹੈ। ਸੁਰ ਕੋਈ ਭੇਦਭਾਵ ਨਹੀਂ ਕਰਦੀ ਭਾਵੇਂ ਤੁਸੀਂ ਸਿੱਖ, ਹਿੰਦੂ ਭਾਵੇਂ ਤੁਸੀਂ ਮੁਸਲਮਾਨ ਹੋ, ਤੁਸੀਂ ਕ੍ਰਿਸਚਨ ਹੋ ਤੁਸੀਂ ਕਿਸੇ ਨੂੰ ਵੀ ਮੰਨਦੇ ਹੋ, ਸੱਚੀ ਸੁਰ ਜੋ ਲਗਾਉਂਦਾ ਹੈ, ਉਸ ਦਾ ਆਨੰਦ ਉਹ ਹੀ ਜਾਣਦਾ ਹੈ। ਉਸੇ ਢੰਗ ਨਾਲ ਉਹ ਪ੍ਰਮਾਤਮਾ ਨੂੰ ਪਾ ਲੈਂਦੇ ਹਨ। ਪ੍ਰਮਾਤਮਾ ਤੇ ਹਰ ਥਾਂ ਵਿਆਪਕ ਹੈ। ਇਹ ਸਭ ਉਸ ਪਰਮਾਤਮਾ ਨੂੰ ਪਾਉਣ ਦੇ ਢੰਗ ਹੀ ਹਨ। ਕੱਲ੍ਹ ਹਰਪਾਲ ਸਿੰਘ ਗੱਲ ਕਰ ਰਿਹਾ ਸੀ, ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੀ, ਉਸਤਤ ਕਰ ਰਿਹਾ ਸੀ ਕਿ ਕੋਈ ਮਾਇਆ ਲੈਣ ਆਇਆ ਤਾਂ ਸੱਚੇ ਪਾਤਸ਼ਾਹ ਨੇ ਕੁਝ ਮਾਇਆ ਉਸ ਨੂੰ ਦਿੱਤੀ ਦੇਣ ਲੱਗਿਆਂ ਗਿਣੀ ਵੀ ਨਾਂ। ਮੇਰੇ ਮਨ ਵਿੱਚ ਆ ਰਿਹਾ ਸੀ, ਉਹ ਸਫ਼ਰ ਕੀ ਹੈ ਇਕ ਇਨਸਾਨ ਤੋਂ ਪ੍ਰਮਾਤਮਾ ਬਨਣ ਦਾ ਉਹ ਕੋਈ ਵੀ ਬਣ ਸਕਦਾ ਹੈ। ਉਹ ਸਿਰਫ਼ ਇਹ ਹੀ ਹੈ ਕਿ ਜਿੱਥੇ ਗਿਣਤੀਆਂ ਮੁੱਕ ਜਾਂਦੀਆਂ ਹਨ। ਉਹ ਗਿਣ ਕੇ ਨਹੀਂ ਦਿੰਦਾ, ਉਹ ਸਾਡੇ ਪਾਪ ਨਹੀਂ ਦੇਖਦਾ, ਉਹ ਸਾਡੇ ਦੋਸ਼ ਨਹੀਂ ਦੇਖਦਾ, ਉਹ ਸਾਡੀਆਂ ਗਿਣਤੀਆਂ ਨਹੀਂ ਕਰਦਾ, ਜਦੋਂ ਗਿਣਤੀਆਂ ਮੁੱਕ ਜਾਂਦੀਆਂ ਹਨ ਤਾਂ ਅਸੀਂ ਪ੍ਰਮਾਤਮਾ ਹਾਂ। ਜਦੋਂ ਅਸੀਂ ਗਿਣ ਕੇ ਦਿੰਦੇ ਹਾਂ ਸਾਡੇ ਅੰਦਰ ਸੁਆਰਥ ਹੈ, ਅਸੀਂ ਕਿਸੇ ਨੂੰ ਕੀ ਦੇਣਾ ਹੈ? ਸਾਨੂੰ ਕੀ ਮਿਲਣਾ ਹੈ? ਕੋਈ ਸਾਡੀ ਪ੍ਰਸੰਸਾ ਕਰੇ ਜਦੋਂ ਗਿਣਤੀਆਂ ਮੁੱਕ ਜਾਂਦੀਆਂ ਹਨ ਤਾਂ ਫਿਰ ਉਹ (ਪ੍ਰਮੇਸ਼ਰ) ਹੋ ਜਾਂਦਾ ਹੈ। 'ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥'

ਉਸ ਰੂਪ ਵਿੱਚ ਅਸੀਂ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕੀਤੇ ਹਨ। ਉਨ੍ਹਾਂ ਸਾਰਿਆਂ ਨੂੰ ਦਿੱਤਾ ਹੈ। ਬਹੁਤ ਗ਼ਲਤੀਆਂ ਦੇਖਦਿਆਂ ਹੋਇਆਂ ਵੀ ਸਾਡੇ ਸਾਹਮਣੇ ਦਿੱਤਾ ਹੈ। ਸਾਰਿਆਂ ਨੂੰ ਪਿਆਰ ਦਿੱਤਾ ਹੈ, ਅਤੇ ਪਿਆਰ ਦੇ ਨਾਲ-ਨਾਲ ਇਹ ਸੰਗੀਤ ਦਿੱਤਾ ਹੈ। ਮਾਇਆ ਦਿੱਤੀ ਹੈ ਸਾਨੂੰ ਸੁੱਖ ਦਿੱਤਾ ਹੈ। ਅਸੀਂ ਉਸ ਨਿਰੰਕਾਰ ਦਾ ਰੂਪ ਉਸ ਸਤਿਗੁਰੂ ਜਗਜੀਤ ਸਿੰਘ ਵਿਚ ਵੇਖਿਆ ਹੈ। ਉਹ ਨਿਰੰਕਾਰ ਪਰਮਾਤਮਾ ਉਹ ਨਿਰਗੁਣ ਸਰੂਪ ਜੋ ਸਾਡੇ ਕੋਲ ਪ੍ਰਗਟ ਹੋਇਆ ਹੈ, ਜੋ ਅਸੀਂ ਦੇਖਿਆ ਹੈ। ਅਸੀਂ ਬੜੇ ਵੱਡੇ ਭਾਗ ਸਮਝਦੇ ਹਾਂ। ਉਹ ਅਸੀਂ ਸਤਿਗੁਰੂ ਸੱਚੇ ਪਾਤਸ਼ਾਹ ਦੇ ਰੂਪ ਵਿੱਚ ਵੇਖਿਆ ਹੈ। ਮੈਂ ਆਪਣੇ ਮਨ ਵਿੱਚ ਸੋਚਦਾ ਸੀ, ਤੁਸੀਂ ਸਾਰਿਆਂ ਨੇ ਕਿਰਪਾ ਕੀਤੀ ਹੈ, ਰਾਕੇਸ਼ ਜੀ ਤੁਸੀਂ ਆਏ ਹੋ ਯੋਗੇਸ਼ ਜੀ ਸਾਡੇ ਘਰ ਦੇ ਜੀਅ ਬਣ ਗਏ ਹਨ, ਸਾਡੇ ਫੈਮਿਲੀ ਮੈਂਬਰ ਬਣ ਗਏ ਹਨ। ਉਨ੍ਹਾਂ ਦੀ ਅਗਲੀ ਪੀੜ੍ਹੀ ਵੀ ਸਾਡੇ ਕੋਲ ਆਉਣੀ ਸ਼ੁਰੂ ਹੋ ਗਈ ਹੈ, ਸਰਵਣ ਆਇਆ ਹੈ ਬੜਾ ਚੰਗਾ ਲੱਗਦਾ ਹੈ। ਯੋਗਲੇਕਰ ਜੀ ਬੈਠੇ ਹਨ। ਜੋ ਸਾਡੇ ਪਰਿਵਾਰ ਦੇ ਮੈਂਬਰ ਬਣ ਗਏ ਹਨ। ਤੁਸੀਂ ਇੱਥੇ ਆਉਂਦੇ ਹੋ ਪਿਆਰ ਨਾਲ ਵਾਦਨ ਕਰਦੇ ਹੋ, ਇਹ ਸਤਿਗੁਰੂ ਜੀ ਦੀ ਜਗ੍ਹਾ ਹੈ, ਇੱਥੇ ਪ੍ਰੋਗ੍ਰਾਮ ਚੰਗੇ ਹੋ ਹੀ ਜਾਂਦੇ ਹਨ ਕਰਨ ਵਾਲੇ ਸੇਵਾ ਕਰਦੇ ਹਨ। ਬਲਵੰਤ ਹੋਣੀ, ਰਾਜੇਸ਼ ਹੋਣੀ, ਸੋਨੂ ਹੋਣੀ ਇਹ ਸਾਰੇ ਸੇਵਾ ਕਰਦੇ ਹਨ ਤੁਹਾਨੂੰ ਬੁਲਾ ਲੈਂਦੇ ਹਨ। ਬਾਕੀ ਸਾਰੇ ਸੇਵਾ ਕਰਦੇ ਹਨ ਤੇ ਮੈਂ ਫ੍ਰੀ ਵਿਚ ਬੈਠਾ-ਬੈਠਾ ਕ੍ਰੈਡਿਟ ਲੈ ਲੈਂਦਾ ਹਾਂ। ਇਹ ਉਸ ਮਾਲਕ ਦੀ ਰਜ਼ਾ ਹੈ। ਉਹਨੇ ਕਿਨੂੰ ਦੇਣਾ ਹੈ, ਇਹ ਕ੍ਰੈਡਿਟ ਵੀ ਸਾਡੇ ਵੱਸ ਵਿੱਚ ਨਹੀਂ ਪਰ ਉਨ੍ਹਾਂ ਦੇ ਚਰਨਾਂ ਵਿਚ ਇਹ ਅਰਦਾਸ ਹੈ, ਆਪ ਜੀ ਨੇ ਇਹ ਕਿਰਪਾ ਕੀਤੀ ਹੈ ਇਹ ਸੰਗੀਤ ਦੀ ਦਾਤ ਦਿੱਤੀ ਹੈ। ਇਹ ਗੁਰਬਾਣੀ ਦੀ ਦਾਤ ਦਿੱਤੀ ਹੈ, ਇਹ ਸਾਨੂੰ ਨਾਮ ਨਾਲ ਜੋੜਿਆ ਹੈ। ਇਹ ਬਖ਼ਸ਼ਿਸ਼ ਕਰਿਓ ਆਪ ਜੀ ਦੀ ਕਿਰਪਾ ਦੇ ਨਾਲ ਹੀ ਅਸੀਂ ਜੁੜੇ ਰਹਿ ਸਕਦੇ ਹਾਂ। ਉਸ ਨਾਲ ਜੁੜ ਕੇ ਅਸੀਂ ਵੀ ਆਨੰਦ ਵਿੱਚ ਰਹੀਏ। ਸਾਡੇ ਅੰਦਰੋਂ ਈਰਖਾ ਦਵੈਸ਼ ਮੁੱਕ ਜਾਵੇ ਚਿੰਤਾ ਮੁੱਕ ਜਾਵੇ ਅਸੀਂ ਵੀ ਉਸ ਆਨੰਦ ਵਿੱਚ ਰਹੀਏ। ਇਸ ਤਰ੍ਹਾਂ ਹੀ ਤੁਹਾਡਾ ਦਿੱਤਾ ਹੋਇਆ ਇਹ ਸੰਗੀਤ ਪਲਪਦਾ ਰਹੇ। ਤੁਹਾਡੀ ਦਿੱਤੀ ਹੋਈ ਇਹ ਗੁਰਬਾਣੀ ਸਦਾ ਸੁਣਦੇ ਰਹੀਏ। ਤੁਹਾਡਾ ਦਿੱਤਾ ਹੋਇਆ ਨਾਮ ਜਪਦੇ ਰਹੀਏ। ਤੁਹਾਡੇ ਚਰਨਾਂ ਵਿਚ ਇਹ ਸਿਰ ਸਦਾ ਝੁਕਦਾ ਰਹੇਗਾ। ਏਨੀ ਅਰਜ਼ ਕਰਕੇ ਖ਼ਾਸ ਕਰਕੇ ਆਰਟਿਸਟਾਂ ਦਾ ਬਹੁਤ-ਬਹੁਤ ਧੰਨਵਾਦੀ ਹਾਂ। ਆਸ ਕਰਦਾਂ ਇਸੇ ਤਰ੍ਹਾਂ ਤੁਸੀਂ ਇੱਥੇ ਆਉਂਦੇ ਰਹੋਗੇ। ਸਾਰੀ ਸੰਗਤ ਦਾ ਅਤੇ ਜਿਨ੍ਹਾਂ ਨੇ ਸੇਵਾ ਕੀਤੀ ਹੈ ਉਨ੍ਹਾਂ ਸਾਰਿਆਂ ਦਾ ਬਹੁਤ ਬਹੁਤ ਧੰਨਵਾਦੀ ਹਾਂ।

ਸਤਿ ਸ੍ਰੀ ਅਕਾਲ

# ਬਾਬਾ ਮੋਤੀ ਰਾਮ ਮਹਿਰਾ ਜੀ ਦੀ ਸ਼ਹੀਦੀ ਦਾਸਤਾਨ

**– ਡਾ. ਮਨਮੋਹਨ ਸਿੰਘ**

ਸਿੱਖ ਇਤਿਹਾਸ ਅੰਦਰ ਅਨੇਕਾਂ ਸ਼ਹੀਦਾਂ ਦਾ ਵਿਸ਼ੇਸ਼ ਸਤਿਕਾਰ ਨਾਲ ਵਰਨਣ ਮਿਲਦਾ ਹੈ ਅਤੇ ਅਨੇਕਾਂ ਹੀ ਸਿੰਘ ਸਿੰਘਣੀਆਂ ਐਸੇ ਸ਼ਹੀਦ ਵੀ ਹਨ ਜਿਨ੍ਹਾਂ ਦੀਆਂ ਜੀਵਨੀਆਂ ਅਤੇ ਕੁਰਬਾਨੀਆਂ ਬਾਰੇ ਇਤਿਹਾਸ ਚੁੱਪ ਹੈ ਜਾਂ ਜੀਵਨ ਉੱਤੇ ਇਤਿਹਾਸ ਕੋਈ ਰੋਸ਼ਨੀ ਨਹੀਂ ਪਾਉਂਦਾ। ਕਿਉਂਕਿ ਜਿਸ ਸਮੇਂ 'ਤੇ ਇਹ ਸ਼ਹੀਦੀ ਹੋਈ ਉਹ ਸਮਾਂ ਸਿੱਖ ਪੰਥ ਵਿਚ ਬਹੁਤ ਹੀ ਕਠਿਨ ਸਮਾਂ ਸੀ। ਇਸੇ ਦੌਰਾਨ ਦੇ ਕਈ ਖੂਨੀ ਸਾਕੇ ਵੀ ਬਹੁਤ ਘੱਟ ਰੋਸ਼ਨੀ ਵਿਚ ਆਏ ਹਨ। ਇਸੇ ਕਠਿਨ ਦੌਰ ਦੇ ਸ਼ਹੀਦ ਮਾਤਾ ਗੁਜਰੀ ਜੀ ਅਤੇ ਦੀਵਾਨ ਟੋਡਰ ਮੱਲ ਬਾਰੇ ਵੀ ਇਤਿਹਾਸ ਲੱਗਭਗ ਮੂਕ ਹੀ ਹੈ।

ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਦਾ ਵੀ ਬਹੁਤ ਜਿਆਦਾ ਜ਼ਿਕਰ ਨਹੀ ਆਉਂਦਾ। ਉਨ੍ਹਾਂ ਬਾਰੇ ਕੇਸਰ ਸਿੰਘ ਛਿੱਬਰ ਦਾ 'ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ', ਦੁੱਨਾ ਸਿੰਘ ਹੰਡੂਰੀਆ ਦੀ 'ਕਥਾ ਗੁਰੂ ਸੁਤਨ ਕੀ, ਕਵੀ ਕਿਸ਼ਨ ਸਿੰਘ ਜੀ ਦਾ ਸ਼ਹੀਦ ਨਾਮਾ ਅਤੇ ਸੰਤਰੇਣ ਭਾਈ ਪ੍ਰੇਮ ਸਿੰਘ ਦੀ ਲਿਖਤ 'ਗੁਰਪੁਰ ਪ੍ਰਕਾਸ਼' ਆਦਿ ਕਿਤਾਬਾਂ ਵਿਚ ਕੁਝ ਹਵਾਲਾ ਮਿਲਦਾ ਹੈ। ਕੁਝ ਇਤਿਹਾਸ ਖੋਜੀਆਂ ਅਨੁਸਾਰ ਬਾਬਾ ਮੋਤੀ ਰਾਮ ਮਹਿਰਾ ਦਾ ਜਨਮ ਭਾਈ ਹਰਾ ਰਾਮ ਦੇ ਘਰ ਮਾਤਾ ਲੱਧੋ ਦੀ ਕੁੱਖ ਤੋਂ ਸਰਹਿੰਦ ਜਾਂ ਸੰਗਤਪੁਰ ਸੋਢੀਆਂ ਵਿਚ 1677 ਈ: ਦੇ ਨੇੜੇ ਹੋਇਆ।

ਦਸੰਬਰ 1704 ਈ: ਨੂੰ ਜਦੋਂ ਸ੍ਰੀ ਅਨੰਦਪੁਰ ਸਾਹਿਬ ਛੱਡ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਿੰਘਾਂ ਅਤੇ ਪਰਿਵਾਰ ਸਮੇਤ ਤੁਰੇ ਤਾਂ ਪਹਾੜੀ ਰਾਜਿਆਂ ਅਤੇ ਮੁਗਲ ਫ਼ੌਜ ਨੇ ਕਸਮਾਂ ਤੋੜ ਕੇ ਉਨ੍ਹਾਂ 'ਤੇ ਕਹਿਰੀ ਹਮਲਾ ਕਰ ਦਿੱਤਾ। ਸਰਸਾ ਨਦੀ ਦੇ ਕੰਢੇ 'ਤੇ ਘਮਸਾਨ ਯੁੱਧ ਹੋਇਆ ਜਿਸ ਵਿੱਚ ਸਰਸਾ ਨਦੀ ਪਾਰ ਕਰਦਿਆਂ ਕਈ ਮਹੱਤਵਪੂਰਨ ਲਿਖਤਾਂ ਨਦੀ ਵਿਚ ਰੁੜ ਗਈਆਂ ਅਤੇ ਕਈ ਸਿੰਘ ਵੀ ਪਾਰ ਨਾ ਪਹੁੰਚ ਸਕੇ ਅਤੇ ਗੁਰੂ ਜੀ ਦਾ ਪਰਵਾਰ ਵੀ ਖੇਰੂੰ-ਖੇਰੂੰ ਹੋ ਗਿਆ। ਜਿਸ ਦੌਰਾਨ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ, ਵਿੱਛੜ ਕੇ ਹੱਡ ਚੀਰਵੀਆਂ ਠੰਡੀਆਂ ਰਾਤਾਂ ਵਿਚ ਸਤਲੁਜ ਦਰਿਆ ਦੇ ਕੰਢੇ ਪਹੁੰਚ ਗਏ। ਜਿੱਥੇ ਭਾਈ ਕੀਮਾ ਜੋ ਮੁਗ਼ਲ ਹਕੂਮਤ ਦੇ ਜ਼ੁਲਮ ਕਰ ਕੇ ਮੁਸਲਮਾਨ ਹੋ ਗਿਆ ਸੀ ਅਤੇ ਨਾਮ ਕਰਮਦੀਨ (ਕਾਇਮਦੀਨ) ਮਲਾਹ ਰੱਖ ਲਿਆ ਸੀ ਮਿਲ ਪਿਆ। ਉਸ ਨੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਪਹਿਚਾਣ ਲਿਆ ਅਤੇ ਬੇਨਤੀ ਕੀਤੀ ਕਿ ਮੁਗ਼ਲ ਫੌਜ ਚੁਫੇਰੇ ਹਰਲ-ਹਰਲ ਕਰਦੀ ਫਿਰਦੀ ਹੈ। ਕਿਰਪਾ ਕਰ ਕੇ ਤੁਸੀਂ ਮੇਰੇ ਕੋਲ ਠਹਿਰ ਜਾਵੋ ਅਤੇ ਥੋੜਾ ਮਾਹੌਲ ਸ਼ਾਂਤ ਹੋਣ 'ਤੇ ਹੀ ਅੱਗੇ ਜਾਣਾ। ਉਸ ਦੀ ਗੱਲ ਮੰਨ ਕੇ ਮਾਤਾ ਜੀ ਉੱਥੇ ਰੁਕ ਗਏ। ਭਾਈ ਕੀਮੇ ਨੇ ਮਾਤਾ ਜੀ ਨੂੰ ਬੇਨਤੀ ਕੀਤੀ ਕਿ ਉਹ ਦਰਿਆ ਕਿਨਾਰੇ ਉਸ ਦੀ ਕੁੱਲੀ ਵਿਚ ਠਹਿਰ ਜਾਣ। ਭਾਈ ਕੀਮੇ ਮਲਾਹ ਦੀ ਸਲਾਹ ਮੰਨ ਕੇ ਮਾਤਾ ਗੁਜਰੀ ਜੀ ਨੇ ਸਾਹਿਬਜ਼ਾਦਿਆਂ ਸਮੇਤ ਦੋ ਰਾਤਾਂ ਕੀਮੇ ਮਲਾਹ ਦੇ ਕੋਲ ਗੁਜਾਰ ਕੇ ਅੱਗੇ ਚਾਲੇ ਪਾ ਦਿੱਤੇ। ਉਨ੍ਹਾਂ ਨੂੰ ਗੰਗੂ ਬ੍ਰਾਹਮਣ ਮਿਲ ਪਿਆ ਜੋ ਕਿ ਗੁਰੂ ਸਾਹਿਬ ਦੇ ਲੰਗਰ ਵਿਚ ਨੌਕਰੀ ਕਰਦਾ ਰਿਹਾ ਸੀ। ਉਸ ਨੇ ਲਾਲਚ ਵੱਸ ਹੋ ਕੇ ਮਾਤਾ ਗੁਜਰੀ ਜੀ ਅਤੇ ਦੋਵੇਂ ਸਾਹਿਬਜ਼ਾਦਿਆਂ ਨੂੰ ਮੁਰਿੰਡੇ ਦੇ ਥਾਣੇਦਾਰ ਜਾਨੀ ਖਾਂ ਅਤੇ ਮਾਨੀ ਖਾਂ ਕੋਲ ਗ੍ਰਿਫ਼ਤਾਰ ਕਰਵਾ ਦਿੱਤਾ। ਜਿਨ੍ਹਾਂ ਨੇ ਗੁਰੂ ਪਰਿਵਾਰ ਨੂੰ ਅੱਗੇ ਸੂਬਾ ਸਰਹਿੰਦ ਵਜੀਰ ਖਾਂ ਦੀ ਕੈਦ ਵਿਚ ਭੇਜ ਦਿੱਤਾ। ਜਿੱਥੇ ਉਨ੍ਹਾਂ ਨੂੰ ਠੰਡੇ ਬੁਰਜ ਵਿਚ ਕੈਦ ਰੱਖਿਆ ਗਿਆ।

ਬਾਬਾ ਮੋਤੀ ਰਾਮ ਮਹਿਰਾ ਉਸ ਵੇਲੇ ਸਰਹਿੰਦ ਵਜੀਰ ਖਾਂ ਦੇ ਰਸੋਈਖਾਨੇ ਵਿਚ ਹਿੰਦੂ ਕੈਦੀਆਂ ਅਤੇ ਹਿੰਦੂ ਸਿਪਾਹੀਆਂ ਲਈ ਖਾਣਾ ਤਿਆਰ ਕਰਦੇ ਸਨ। ਕਵੀ ਭਾਈ

ਕਿਸ਼ਨ ਸਿੰਘ ਲਿਖਦਾ ਹੈ:

ਮੋਤੀ ਰਾਮ ਸੰਗਤਪੁਰ ਵਾਸੀ,
ਰਾਮ ਨਾਮ ਜਪ ਪੁੰਨ ਕਮਾਸੀ।
ਹਿੰਮਤ ਸਿੰਘ ਤਿਤ ਚਾਚੂ ਜਾਨੋ,
ਪਾਂਚ ਪਿਯਾਰਨ ਮਾਹਿ ਪ੍ਰਧਾਨਹੁ।
ਵਜੀਦੇ ਕੇ ਗ੍ਰਿਹ ਪ੍ਰਸਾਦ ਬਨਾਵੈ,
ਮਾਨ ਮਹਤ ਦਰਬਾਰਹਿ ਪਾਵੈ।
ਹਿੰਦੂ ਕੈਦੀ ਤੈਹ ਕਈ ਹਜਾਰ,
ਕਰਾਵਾਰ ਮਹਿ ਹੋਤ ਖੁਆਰ।੪੯।
ਤਿਨ ਕੋ ਲੰਗਰ ਮੋਤੀ ਆਪ ਬਨਾਵਹਿ,
ਸਭਹਨ ਬਾਂਟ ਆਪ ਸੁਖ ਪਾਵੈ।
ਸਭ ਹਿੰਦੂਅਨ ਤੇ ਪਾਵਹਿ ਮਾਨਾ,
ਤਿਨ ਤਜਯੋ ਹੈ ਮਾਨ ਅਭਿਮਾਨਾ।੫੦।

ਜਦ ਭਾਈ ਮੋਤੀ ਰਾਮ ਜੀ ਨੂੰ ਪਤਾ ਲੱਗਾ ਕਿ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰ ਕੇ ਠੰਡੇ ਬੁਰਜ ਵਿਚ ਕੈਦ ਕੀਤਾ ਹੋਇਆ ਹੈ, ਤਾਂ ਉਹ ਖਾਣਾ ਲੈ ਕੇ ਠੰਡੇ ਬੁਰਜ ਵਿਚ ਪਹੁੰਚੇ ਅਤੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਪਰਸ਼ਾਦਾ ਛਕਣ ਦੀ ਬੇਨਤੀ ਕੀਤੀ। ਪਰ ਮਾਤਾ ਗੁਜਰੀ ਜੀ ਨੇ ਕਿਹਾ ਕਿ ਭਾਈ ਮੋਤੀ ਰਾਮ ਜੀ ਤੁਹਾਡੀ ਸੇਵਾ ਕਬੂਲ ਹੈ। ਪਰ ਮਲੇਸ਼ਾਂ (ਮੁਗ਼ਲਾਂ) ਦੀ ਰਸੋਈ ਵਿਚ ਗਰੀਬਾਂ ਦੀ ਲੁੱਟ ਅਤੇ ਜੁਲਮ ਨਾਲ ਇਕੱਠੇ ਕੀਤੇ ਧਨ ਨਾਲ ਬਣਿਆ ਖਾਣਾ ਉਨ੍ਹਾਂ ਨਹੀਂ ਖਾਣਾ। ਇਹ ਸੁਣ ਕੇ ਭਾਈ ਮੋਤੀ ਰਾਮ ਜੀ ਬਹੁਤ ਚਿੰਤਤ ਹੋਏ ਅਤੇ ਉਦਾਸੀ ਦੇ ਆਲਮ ਵਿਚ ਆਪਣੇ ਘਰ ਪਹੁੰਚੇ ਤਾਂ ਉਨ੍ਹਾਂ ਦੀ 70 ਸਾਲਾ ਬਜ਼ੁਰਗ ਮਾਤਾ ਅਤੇ ਪਤਨੀ ਭੋਈ, ਭੋਲੀ ਜਾਂ ਦੇਵਾਂ ਨੇ ਮਾਯੂਸੀ ਦਾ ਕਾਰਨ ਪੁੱਛਿਆ। ਭਾਈ ਮੋਤੀ ਰਾਮ ਨੇ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਸੂਬੇ ਨੇ ਠੰਡੇ ਬੁਰਜ ਵਿਚ ਕੈਦ ਕਰ ਕੇ ਰੱਖੇ ਹੋਏ ਹਨ। ਜਿਨ੍ਹਾਂ ਨੇ ਮਲੇਸ਼ਾਂ ਦੀ ਰਸੋਈ ਦਾ ਖਾਣਾ ਖਾਣ ਤੋਂ ਨਾਂਹ ਕਰ ਦਿੱਤੀ ਹੈ। ਉਹ ਕਈ ਦਿਨਾਂ ਤੋਂ ਭੁੱਖੇ ਅਤੇ ਪਿਆਸੇ ਹਨ। ਉਨ੍ਹਾਂ ਕੋਲ ਠੰਡ ਤੋਂ ਬਚਣ ਲਈ ਕੋਈ ਕੱਪੜਾ ਵੀ ਨਹੀਂ ਹੈ। ਸਰੀਰਾਂ ਤੇ ਵੀ ਝਰੀਟਾਂ, ਪੱਛ ਅਤੇ ਜ਼ਖ਼ਮ ਹਨ। ਸਾਹਿਬਜ਼ਾਦਿਆਂ ਦੇ ਲੰਮਾ ਸਫ਼ਰ ਕਰ ਕੇ ਪੈਰਾਂ ਵਿਚ ਛਾਲੇ ਪੈ ਗਏ ਹਨ ਅਤੇ ਕੜਾਕੇ ਦੀ ਸਰਦੀ ਨਾਲ ਪੈਰ ਸੁੱਜ ਗਏ ਹਨ। ਹੁਣ ਠੰਡੇ ਬੁਰਜ ਵਿਚ ਤੇਜ਼ ਹਵਾਵਾਂ ਚੱਲਣ ਕਰਕੇ ਠੰਡ ਨਾਲ ਜ਼ਖ਼ਮ ਆਕੜ ਗਏ ਹਨ ਅਤੇ ਬਹੁਤ ਹੀ ਤਕਲੀਫ਼ ਦੇ ਰਹੇ ਹਨ ਪਰ ਮਾਤਾ ਜੀ ਅਤੇ ਸਾਹਿਬਜ਼ਾਦੇ ਫਿਰ ਵੀ ਚੜ੍ਹਦੀ ਕਲਾ ਵਿਚ ਹਨ। ਇਹ ਦਰਦ ਭਰੀ ਦਾਸਤਾਨ ਸੁਣ ਕੇ ਉਨ੍ਹਾਂ ਦੀ ਮਾਤਾ ਅਤੇ ਪਤਨੀ ਨੇ ਕਿਹਾ ਕਿ ਸਾਨੂੰ ਗੁਰੂ ਸਾਹਿਬ ਦੇ ਪਰਵਾਰ ਦੀ ਜ਼ਰੂਰ ਹੀ ਸੇਵਾ ਕਰਨੀ ਚਾਹੀਦੀ ਹੈ। ਭਾਵੇਂ ਕਿ ਵਜੀਰ ਖਾਂ ਨੇ ਇਹ ਐਲਾਨ ਕੀਤਾ ਹੋਇਆ ਹੈ ਕਿ ਜੋ ਵੀ ਗੁਰੂ ਦੇ ਪਰਵਾਰ ਜਾਂ ਸਿੱਖ ਦੀ ਮਦਦ ਕਰੇਗਾ ਉਸ ਨੂੰ ਪਰਵਾਰ ਸਮੇਤ ਕੋਹਲੂ ਵਿਚ ਪੀੜ੍ਹ ਦਿੱਤਾ ਜਾਵੇਗਾ। ਮਾਂ ਨੇ ਇਕ ਵਾਰੀ ਵਾਸਤਾ ਪਾ ਕੇ ਕਿਹਾ ਇਸ ਦਾ ਨਤੀਜਾ ਸਾਡੇ ਪਰਵਾਰ ਦੀ ਬੇਦਰਦ ਮੌਤ ਹੋਵੇਗੀ। ਫਿਰ ਵੀ ਸਾਰੇ ਪਰਵਾਰ ਨੇ ਸਲਾਹ ਕਰ ਕੇ ਭਾਈ ਮੋਤੀ ਰਾਮ ਜੀ ਨੂੰ ਘਰ ਦੀ ਗਾਂ ਦੇ ਦੁੱਧ ਦਾ ਗੜਵਾ ਭਰ ਕੇ ਦੇ ਦਿੱਤਾ ਅਤੇ ਕਿਹਾ ਕਿ ਜਾ ਕੇ ਗਰਮ-ਗਰਮ ਦੁੱਧ ਮਾਤਾ ਜੀ ਅਤੇ ਗੁਰੂ ਸਾਹਿਬ ਜੀ ਦੇ ਲਾਲਾਂ ਨੂੰ ਪਿਆਓ। ਭਾਈ ਮੋਤੀ ਰਾਮ ਜੀ ਨੇ ਕਿਹਾ ਕਿ, ਪਹਿਰੇਦਾਰਾਂ ਨੇ ਰਿਸ਼ਵਤ ਲੈਣ ਤੋਂ ਬਿਨ੍ਹਾਂ ਰਾਤ ਨੂੰ ਵਜ਼ੀਰ ਖਾਂ ਤੋਂ ਚੋਰੀ ਠੰਡੇ ਬੁਰਜ ਵਿੱਚ ਨਹੀਂ ਜਾਣ ਦੇਣਾ। ਭਾਈ ਮੋਤੀ ਰਾਮ ਜੀ ਨੇ ਕਿਹਾ ਕਿ, ਘਰ ਵਿਚ ਜਿੰਨੀ ਵੀ ਧਨ-ਦੌਲਤ ਜਾਂ ਮਾਇਆ ਹੈ ਮੈਨੂੰ ਦੇ ਦਿਓ ਤਾਂ ਕਿ ਮੈਂ ਰਿਸ਼ਵਤ ਦੇ ਕੇ ਠੰਡੇ ਬੁਰਜ ਵਿਚ ਪਹੁੰਚ ਜਾਵਾਂ। ਭਾਈ ਮੋਤੀ ਰਾਮ ਜੀ, ਮਾਤਾ ਅਤੇ ਪਤਨੀ ਨੇ ਉਦਾਸ ਨਜ਼ਰਾਂ ਨਾਲ ਇਕ ਦੂਜੇ ਵੱਲ ਵੇਖਿਆ ਅਤੇ ਲਾਚਾਰੀ ਵੱਸ ਕਿਹਾ ਕਿ ਘਰ ਵਿਚ ਸਾਰਿਆਂ ਪੈਸਿਆਂ ਦੀ ਰਸਦ ਖਰੀਦ ਕੇ ਗੱਡਾ ਭਰ ਕੇ ਪਹਿਲਾਂ ਹੀ ਸ੍ਰੀ ਅਨੰਦਪੁਰ ਸਾਹਿਬ ਭੇਜ ਦਿੱਤੀ ਹੈ। ਫਿਰ ਇਕਦਮ ਉਨ੍ਹਾਂ ਦੀ ਪਤਨੀ ਨੇ ਗਹਿਣੇ ਉਤਾਰ ਕੇ ਭਾਈ ਮੋਤੀ ਰਾਮ ਜੀ ਨੂੰ ਫੜਾਉਂਦਿਆਂ ਕਿਹਾ ਕਿ ਗਹਿਣੇ ਰਿਸ਼ਵਤ ਵਿਚ ਦੇ ਕੇ ਅੱਗੇ ਲੰਘ ਜਾਇਓ। ਇਹ ਗੁਰੂ ਪ੍ਰਤੀ ਸ਼ਰਧਾ ਦਾ ਸਿਖਰ ਸੀ। ਕਿਉਂਕਿ ਔਰਤ ਆਪਣੇ ਗਹਿਣੇ ਮਰਦੇ ਦਮ ਤਕ ਲੁਕਾ ਕੇ ਰੱਖਦੀ ਹੈ ਅਤੇ ਘਰ ਵਾਸਤੇ ਜ਼ਮੀਨ ਜਾਇਦਾਦ ਖਰੀਦਣ ਲਈ ਵੀ ਪਤੀ ਨੂੰ ਨਹੀਂ ਫੜਾਉਂਦੀ। ਪਰ ਬੀਬੀ ਭੋਈ ਨੇ ਪਰਵਾਰ ਦੀ ਮੌਤ ਖਰੀਦਣ ਲਈ ਸਾਰੇ ਗਹਿਣੇ ਆਪਣੇ ਪਤੀ ਨੂੰ ਦੇ ਦਿੱਤੇ। ਭਾਈ ਪ੍ਰੇਮ ਸਿੰਘ ਸੰਤਰੇਣ ਲਿਖਦੇ ਹਨ:

ਅਸ ਵਿਚਾਰ ਗਾ ਨਿਜ ਗ੍ਰਿਹ ਮਾਹਿ,
ਪੈ ਗੜਵਾ ਇਕ ਲੀਨ ਪਰਾਹਿ।
ਅਪਰ ਅੰਭ ਘਟ ਕੋਰੋ ਭਰਿਯੋ,
ਹਿਤ ਮਾਤ ਕੈ ਲਿਆਵਨ ਕਰਯੋ।
ਪਹਿਰੇਦਾਰਿਨ ਰੋਕਯੋ ਜਬੈ,
ਕਰ ਮਿੰਨਤ ਕੁਝ ਦੀਨੋ ਤਬੈ।
ਛੋਡ ਦੀਨ ਮਾਤਾ ਢਿਗ ਆਯੋ,
ਦੁਗਦ ਘਟਾ ਪੈ ਆਗੂ ਧਰਾਯੋ।
(ਗੁਰ ਪ੍ਰਕਾਸ਼)

ਭਾਈ ਮੋਤੀ ਰਾਮ ਜੀ ਜਦੋਂ ਦੁੱਧ ਲੈ ਕੇ ਠੰਡੇ ਬੁਰਜ ਕੋਲ ਪਹੁੰਚੇ ਤਾਂ ਪਹਿਰੇਦਾਰਾਂ ਨੇ ਰੋਕ ਕੇ ਪੁੱਛਿਆ ਕਿ ਉਹ ਇਸ ਵੇਲੇ ਰਾਤ ਦੇ ਘੁੱਪ ਹਨੇਰੇ ਵਿਚ ਕਿੱਥੇ ਜਾ ਰਹੇ ਹਨ। ਭਾਈ ਮੋਤੀ ਰਾਮ ਜੀ ਨੇ ਪਹਿਰੇਦਾਰਾਂ ਨੂੰ ਦੱਸਿਆ ਕਿ ਉਹ ਠੰਡੇ ਬੁਰਜ ਵਿਚ ਕੈਦ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਗਰਮ ਦੁੱਧ ਪਿਲਾਉਣ ਲਈ ਜਾ ਰਹੇ ਹਨ। ਪਹਿਰੇਦਾਰ ਨੇ ਪੁੱਛਿਆ ਕਿ ਭਾਈ ਮੋਤੀ ਰਾਮ ਜੀ ਤੈਨੂੰ ਵਜੀਰ ਖਾਂ ਕੋਲੋਂ ਡਰ ਨਹੀਂ ਲੱਗਦਾ ਉਸ ਨੇ ਐਲਾਨ ਕੀਤਾ ਹੋਇਆ ਹੈ ਕਿ ਜੋ ਵੀ ਗੁਰੂ ਪਰਵਾਰ ਦੀ ਜਾਂ ਕਿਸੇ ਸਿੱਖ ਦੀ ਮਦਦ ਕਰੇਗਾ, ਉਸ ਨੂੰ ਪਰਵਾਰ ਸਮੇਤ ਕੋਹਲੂ ਵਿਚ ਪੀੜ੍ਹ ਦਿੱਤਾ ਜਾਵੇਗਾ। ਇਹ ਸੁਣ ਕੇ ਭਾਈ ਮੋਤੀ ਰਾਮ ਜੀ ਨੇ ਕਿਹਾ ਕਿ ਗੁਰੂ ਦੀ ਖੁਸ਼ੀ ਲੈਣ ਲਈ ਅਤੇ ਜ਼ੁਲਮ ਦੇ ਵਿਰੁੱਧ ਡਟਣ ਲਈ ਸਾਨੂੰ ਮੌਤ ਵੀ ਕਬੂਲ ਹੈ। ਪਹਿਰੇਦਾਰ ਨੇ ਕਿਹਾ ਜੇ ਸੂਬੇ ਨੂੰ ਪਤਾ ਲੱਗ ਗਿਆ ਤਾਂ ਤੇਰੇ ਨਾਲ ਮੈਨੂੰ ਵੀ ਪਰਵਾਰ ਸਮੇਤ ਮਾਰ ਦਿੱਤਾ ਜਾਵੇਗਾ। ਇਸ ਲਈ ਮੈਂ ਹੁਣੇ ਹੀ ਸੂਬੇ ਨੂੰ ਦੱਸ ਦੇਵਾਂਗਾ। ਇਹ ਸੁਣ ਕੇ ਭਾਈ ਮੋਤੀ ਰਾਮ ਨੇ ਗਹਿਣੇ ਕੱਢ ਕੇ ਪਹਿਰੇਦਾਰ ਨੂੰ ਦਿਖਾਏ ਅਤੇ ਕਿਹਾ ਗਹਿਣੇ ਲੈ ਲਉ ਅਤੇ ਉਸ ਨੂੰ ਅੱਗੇ ਜਾਣ ਦਿਉ। ਗਹਿਣੇ ਵੇਖ ਕੇ ਪਹਿਰੇਦਾਰ ਦਾ ਮਨ ਬਦਲ ਗਿਆ ਅਤੇ ਲਾਲਚ ਵਿਚ ਆ ਕੇ ਉਸ ਨੇ ਗਹਿਣੇ ਰਿਸ਼ਵਤ ਵਜੋਂ ਲੈ ਕੇ ਭਾਈ ਮੋਤੀ ਰਾਮ ਜੀ ਨੂੰ ਦੁੱਧ ਦਾ ਗੜਵਾ ਲੈ ਕੇ ਠੰਡੇ ਬੁਰਜ ਵਿਚ ਜਾਣ ਦਿੱਤਾ ਅਤੇ ਨਾਲ ਹੀ ਕਿਹਾ ਕਿ ਉਹ ਪੌੜੀਆਂ ਰਸਤੇ ਠੰਡੇ ਬੁਰਜ ਵਿਚ ਨਾ ਜਾਣ। ਸਗੋਂ ਠੰਡੇ ਬੁਰਜ ਦੇ ਪਿਛਲੇ ਪਾਸੇ ਨਾਲ ਲਗਦੇ ਪਿੱਪਲ ਦੇ ਦਰਖ਼ਤ ਰਾਹੀਂ ਚੜ੍ਹ ਕੇ ਉੱਥੇ ਪਹੁੰਚ ਜਾਵੇ। ਕਿਉਂਕਿ ਪਹਿਰਾ ਬਹੁਤ ਸਖਤ ਹੈ ਅਤੇ ਜੇ ਕਿਸੇ ਨੇ ਪੌੜੀਆਂ ਦੀ ਅਵਾਜ਼ ਸੁਣ ਲਈ ਤਾਂ ਦੋਵੇਂ ਹੀ ਮਾਰੇ ਜਾਵਾਂਗੇ। ਭਾਈ ਮੋਤੀ ਰਾਮ ਜੀ ਪਿਛਲੇ ਪਾਸੇ ਜਾ ਕੇ ਪਿੱਪਲ ਦੇ ਦਰਖ਼ਤ ਤੇ ਚੜ੍ਹ ਕੇ ਠੰਡੇ ਬੁਰਜ ਵਿਚ ਪਹੁੰਚੇ। ਭਾਈ ਮੋਤੀ ਰਾਮ ਦੁੱਧ ਦਾ ਗੜਵਾ ਲੈ ਕੇ ਬੁਰਜ ਵਿਚ ਗਏ। ਜਦੋਂ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਕੜਾਕੇ ਦੀ ਠੰਡ ਵਿਚ ਗਰਮ ਦੁੱਧ ਪਿਲਾਇਆ ਤਾਂ ਮਾਤਾ ਜੀ ਨੇ ਅਨੇਕਾਂ ਅਸੀਸਾਂ ਦਿੱਤੀਆਂ। ਕਵੀ ਸੰਤਰੇਣ ਲਿਖਦੇ ਹਨ:

ਪਿਖ ਕੈ ਪ੍ਰੇਮ ਸੁ ਮੋਤੀ ਕੇਰਾ,
ਮਾਤਾ ਕਹਿਯੋ ਭਲਾ ਹਵੈ ਤੇਰਾ।

ਤਿੰਨ ਰਾਤਾਂ ਇਸੇ ਤਰ੍ਹਾਂ ਹੀ ਪਿੱਪਲ ਦੇ ਰਸਤੇ ਠੰਡੇ ਬੁਰਜ ਵਿਚ ਪਹੁੰਚ ਕੇ ਦੁੱਧ ਅਤੇ ਪਰਸ਼ਾਦੇ ਦੀ ਸੇਵਾ ਕਰਦੇ ਰਹੇ। ਕਿਸੇ ਨੇ ਖੂਬ ਲਿਖਿਆ ਹੈ:

ਧੰਨ ਮੋਤੀ ਜਿਨ ਪੁੰਨ ਕਮਾਇਆ,
ਗੁਰ ਲਾਲਾਂ ਤਾਈਂ ਦੁੱਧ ਪਿਲਾਇਆ।

ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਾਅਦ ਦੀਵਾਨ ਟੋਡਰ ਮੱਲ ਨਾਲ ਸਲਾਹ ਕਰ ਕੇ ਭਾਈ ਮੋਤੀ ਰਾਮ ਜੀ ਨੇ ਲੱਕੜਹਾਰੇ ਕੋਲੋਂ ਚੰਦਨ ਦੀ ਲੱਕੜ ਸਮੇਤ ਗੱਡਾ ਭਰ ਕੇ ਲੱਕੜਾਂ ਖਰੀਦ ਕੇ ਲਿਆਦੀਆਂ ਅਤੇ ਦੀਵਾਨ ਟੋਡਰ ਮੱਲ ਵੱਲੋਂ ਮੋਹਰਾਂ ਖੜੀਆਂ ਕਰ ਕੇ ਦੁਨੀਆਂ ਦੀ ਸਭ ਤੋਂ ਮਹਿੰਗੇ ਭਾਅ ਖਰੀਦੀ ਜ਼ਮੀਨ 'ਤੇ ਆਪਣੇ ਹੱਥੀਂ ਅੰਗੀਠਾ ਚਿਣ ਕੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ।

ਇਹ ਸਾਰੀ ਸੇਵਾ ਭਾਵੇਂ ਗੁਪਤ ਹੀ ਰਹਿੰਦੀ ਅਤੇ ਸਾਰੇ ਵਰਤਾਰੇ ਤੋਂ ਪਰਦਾ ਨਾ ਹੀ ਉੱਠਦਾ ਪਰ ਕਵੀ ਕਿਸ਼ਨ ਸਿੰਘ ਲਿਖਦਾ ਹੈ ਕਿ ਗੰਗੂ ਬ੍ਰਾਹਮਣ ਦਾ ਭਰਾ ਜਿਸ ਦਾ ਨਾਮ ਪੰਮਾ ਸੀ। ਉਹ ਵੀ ਭਾਈ ਮੋਤੀ ਰਾਮ ਜੀ ਨਾਲ ਰਸੋਈ ਵਿਚ ਹੀ ਕੰਮ ਕਰਦਾ ਸੀ। ਉਸ ਨੇ ਹੀ ਵਜ਼ੀਰ ਖਾਂ ਨੂੰ ਚੁਗਲੀ ਲਾਈ ਕਿ ਮੋਤੀ ਰਾਮ ਨੇ ਹਕੂਮਤ ਵੱਲੋਂ ਬਾਗੀ ਐਲਾਨ ਕੀਤੇ ਗਏ ਗੁਰੂ ਪਰਵਾਰ ਦੀ ਗਰਮ ਦੁੱਧ ਨਾਲ ਤਿੰਨ ਦਿਨ ਸੇਵਾ ਕੀਤੀ ਹੈ।

ਨੀਚ ਗੰਗੂ ਤੋਂ ਭਾਤ ਇਕ ਪੰਮਾ,
ਤਿਨ ਲੀਨੋ ਮੋਤੀ ਸੰਗ ਪੰਗਾ।

ਜਾਇ ਵਜੀਰਹਿ ਭੇਦ ਬਤਾਇਓ,
ਇਕ ਝੀਵਰ ਹੈ ਪੇਯ ਪਿਆਇਓ।
ਗੁਰ ਕੋ ਮਾਤ ਬਾਲ ਸੁਖਦਾਈ,
ਇਸਹਿ ਦੀਨ ਬਹੁਤ ਵਡਿਆਈ।

ਜਦੋਂ ਪੰਮੇ ਨੇ ਚੁਗਲੀ ਲਾਈ ਤਾਂ ਵਜ਼ੀਰ ਖਾਂ ਨੇ ਹੁਕਮ ਦਿੱਤਾ ਕਿ ਭਾਈ ਮੋਤੀ ਰਾਮ ਜੀ ਦੀਆਂ ਮੁਸ਼ਕਾਂ ਬੰਨ ਕੇ ਉਸ ਦੇ ਅੱਗੇ ਪੇਸ਼ ਕੀਤਾ ਜਾਏ। ਸਿਪਾਹੀਆਂ ਅਮਲ ਕਰਦਿਆਂ ਤੁਰੰਤ ਹੀ ਭਾਈ ਮੋਤੀ ਰਾਮ ਜੀ ਨੂੰ ਜੂੜ ਕੇ ਵਜੀਰ ਖਾਂ ਸਾਹਮਣੇ ਪੇਸ਼ ਕਰ ਦਿੱਤਾ।

ਵਜੀਰ ਖਾਂ ਨੇ ਕ੍ਰੋਧ ਨਾਲ ਅੱਗ ਬਬੂਲਾ ਹੋ ਕੇ ਗਰਜ ਕੇ ਪੁੱਛਿਆ ਕਿ ਮੋਤੀ ਰਾਮ ਤੇਰੀ ਸ਼ਿਕਾਇਤ ਆਈ ਹੈ ਕਿ ਤੂੰ ਵੀ ਸਿੱਖ ਹੈਂ, ਕੀ ਇਸ ਵਿਚ ਸੱਚਾਈ ਹੈ?

ਜੀ ਹਾਂ, ਇਹ ਸੱਚਾਈ ਹੈ ਕਿ ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਹਾਂ ਅਤੇ ਮੇਰੇ ਪਿਤਾ ਜੀ ਵੀ ਰਸਦ ਦਾ ਗੱਡਾ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਗਏ ਸਨ ਅਤੇ ਉੱਥੇ ਘੇਰਾਬੰਦੀ ਹੋਣ ਕਰ ਕੇ ਅੰਦਰ ਹੀ ਰਹੇ ਅਤੇ ਅੰਮ੍ਰਿਤ ਛਕ ਕੇ ਹਰਾ ਰਾਮ ਤੋਂ ਹਰਾ ਸਿੰਘ ਸਜ ਗਏ ਅਤੇ ਫਿਰ ਸ੍ਰੀ ਅਨੰਦਪੁਰ ਸਾਹਿਬ ਦੀ ਜੰਗ ਵਿਚ ਸ਼ਹੀਦ ਹੋ ਗਏ ਸਨ।

ਇੱਥੇ ਵਰਣਨਯੋਗ ਹੈ ਕਿ ਭਾਈ ਮੋਤੀ ਰਾਮ ਜੀ ਦੇ ਪਿਤਾ ਭਾਈ ਹਰਾ ਰਾਮ ਜੀ ਵੀ ਗੁਰੂ-ਘਰ ਦੇ ਸੇਵਕ ਸਨ ਅਤੇ ਜਦੋਂ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਿਆ ਤਾਂ ਉਹ ਰਸਦ ਦਾ ਗੱਡਾ ਭਰ ਕੇ ਲੈ ਕੇ ਗਏ ਸਨ ਅਤੇ ਉੱਥੇ ਹੀ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਸਨ। ਜਦੋਂ ਪਹਾੜੀ ਰਾਜਿਆਂ ਨੇ ਆਟੇ ਦੀ ਗਊ ਬਣਾ ਕੇ ਅਤੇ ਮੁਗ਼ਲਾਂ ਨੇ ਕੁਰਾਨ ਦੀਆਂ ਕਸਮਾਂ ਖਾ ਕੇ ਗੁਰੂ ਸਾਹਿਬ ਨੂੰ ਯਕੀਨ ਦੁਆਉਣ ਦਾ ਯਤਨ ਕੀਤਾ ਸੀ ਕਿ ਜੇ ਉਹ ਸ੍ਰੀ ਅਨੰਦਪੁਰ ਸਾਹਿਬ ਛੱਡ ਜਾਣ ਤਾਂ ਉਨ੍ਹਾਂ 'ਤੇ ਹਮਲਾ ਨਹੀਂ ਕੀਤਾ ਜਾਵੇਗਾ। ਗੁਰੂ ਸਾਹਿਬ ਤਾਂ ਉਨ੍ਹਾਂ ਦੀਆਂ ਸਾਰੀਆਂ ਚਾਲਾਂ ਸਮਝਦੇ ਸਨ। ਪਰ ਕੁਝ ਚੋਣਵੇਂ ਸਿੰਘਾਂ ਨੇ ਕਿਹਾ ਕਿ ਕਿਲ੍ਹੇ ਵਿੱਚੋਂ ਰਸਦ ਵੀ ਖਤਮ ਹੋ ਚੁੱਕੀ ਹੈ ਅਤੇ ਸਿੰਘ ਬਹੁਤ ਕਮਜ਼ੋਰ ਹੋ ਗਏ ਹਨ। ਐਸੇ ਹਾਲਾਤ ਨੂੰ ਮੱਦੇਨਜ਼ਰ ਰੱਖਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਛੱਡ ਕੇ ਕੁਝ ਚਿਰ ਲਈ ਕਿਤੇ ਹੋਰ ਚਲੇ ਜਾਣਾ ਚਾਹੀਦਾ ਹੈ। ਸਿੰਘਾਂ ਦਾ ਭੁਲੇਖਾ ਦੂਰ ਕਰਨ ਲਈ ਗੁਰੂ ਸਾਹਿਬ ਨੇ ਕਿਲ੍ਹੇ ਵਿੱਚੋਂ ਕੂੜਾ-ਕਰਕਟ ਇਕੱਠਾ ਕਰ ਕੇ ਗੱਡੇ ਭਰ ਕੇ ਸ੍ਰੀ ਕੀਰਤਪੁਰ ਸਾਹਿਬ ਵਾਲੇ ਪਾਸੇ ਤੋਰ ਦਿੱਤੇ ਅਤੇ ਉਨ੍ਹਾਂ ਗੱਡਿਆਂ ਦਾ ਜਥੇਦਾਰ ਭਾਈ ਹਰਾ ਸਿੰਘ ਜੀ ਨੂੰ ਹੀ ਥਾਪਿਆ ਗਿਆ। ਉਨ੍ਹਾਂ ਗੱਡਿਆਂ ਦੀ ਕੁਮਕ ਜਦੋਂ ਸ੍ਰੀ ਕੀਰਤਪੁਰ ਸਾਹਿਬ ਕੋਲ ਪਹੁੰਚੀ ਤਾਂ ਪਹਾੜੀ ਰਾਜੇ ਅਤੇ ਮੁਗ਼ਲ ਫੌਜ ਸਾਰੀਆਂ ਕਸਮਾਂ ਤੋੜ ਕੇ ਗੱਡਿਆਂ ਨੂੰ ਲੁੱਟਣ ਜਾ ਪਏ। ਜਦੋਂ ਭਾਈ ਹਰਾ ਸਿੰਘ ਜੀ ਨੇ ਦੇਖਿਆ ਕਿ ਇਨ੍ਹਾਂ ਨੇ ਧੋਖਾ ਕੀਤਾ ਹੈ ਤਾਂ ਉਹ ਕਿਰਪਾਨ ਧੂਹ ਕੇ ਵੈਰੀਆਂ 'ਤੇ ਜਾ ਪਏ। ਕਿਸੇ ਨੇ ਪੁੱਛਿਆ ਕਿ ਉਹ ਕੂੜੇ-ਕਰਕਟ ਤੋਂ ਆਪਣੀ ਜਾਨ ਦਾਅ ਤੇ ਕਿਉਂ ਲਗਾ ਰਹੇ ਹਨ ਤਾਂ ਉਨ੍ਹਾਂ ਜਵਾਬ ਦਿੱਤਾ ਕਿ ਗੱਡਿਆਂ ਵਿਚ ਕੂੜਾ ਹੈ ਜਾਂ ਹੀਰੇ ਜਵਾਹਰਾਤ ਹਨ ਇਸ ਗੱਲ ਨਾਲ ਉਨ੍ਹਾਂ ਦਾ ਕੋਈ ਵਾਸਤਾ ਨਹੀਂ ਉਹ ਤਾਂ ਕੇਵਲ ਗੁਰੂ ਵੱਲੋਂ ਲਗਾਈ ਜ਼ਿੰਮੇਵਾਰੀ ਨਿਭਾ ਰਹੇ ਹਨ ਕਿ ਗੁਰੂ-ਘਰ ਦਾ ਸਾਮਾਨ ਕਿਸੇ ਵੈਰੀ ਨੂੰ ਲੁੱਟਣ ਨਹੀਂ ਦੇਣਾ। ਉੱਥੇ ਹੀ ਯੁੱਧ ਕਰਦਿਆਂ ਭਾਈ ਹਰਾ ਸਿੰਘ ਜੀ ਸ਼ਹੀਦੀ ਪਾ ਗਏ ਸਨ।

ਇਹ ਸੁਣ ਕੇ ਸੂਬੇ ਦਾ ਗੁੱਸਾ ਹੋਰ ਭੜਕ ਗਿਆ। ਉਸ ਨੇ ਪੁੱਛਿਆ ਕਿ ਤੂੰ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀ ਦੁੱਧ ਅਤੇ ਰੋਟੀ ਪਾਣੀ ਨਾਲ ਚੋਰੀ ਛਿਪੇ ਸੇਵਾ ਕੀਤੀ ਹੈ? ਜੀ ਮੈਂ ਤਿੰਨ ਦਿਨ ਦੋਵੇਂ ਵੇਲੇ ਗਰਮ ਦੁੱਧ ਅਤੇ ਪ੍ਰਸ਼ਾਦੇ ਦੀ ਸੇਵਾ ਕੀਤੀ ਹੈ। ਸੂਬਾ ਲੋਹਾ ਲਾਖਾ ਹੋ ਕੇ ਫਿਰ ਬੋਲਿਆ, 'ਤੈਨੂੰ ਪਤਾ ਨਹੀਂ ਹਕੂਮਤ ਨੇ ਬਾਗੀਆਂ ਦੀ ਸੇਵਾ ਕਰਨ ਵਾਲੇ ਨੂੰ ਪਰਵਾਰ ਸਮੇਤ ਕੋਹਲੂ ਵਿਚ ਪੀੜਨ ਦੀ ਸਜ਼ਾ ਸੁਣਾਈ ਹੋਈ ਹੈ।' ਹਾਂ ਮੈਨੂੰ ਪਤਾ ਹੈ। ਸੂਬੇ ਨੇ ਹੋਰ ਕ੍ਰੋਧ ਵਿਚ ਆ ਕੇ ਕਿਹਾ ਕਿ, 'ਤੇਰੇ ਬਚਾਅ ਦਾ ਹਾਲੇ ਵੀ ਰਸਤਾ ਹੈ ਕਿ ਤੂੰ ਦੀਨ ਕਬੂਲ ਕੇ ਮੁਸਲਮਾਨ ਹੋ ਜਾ ਨਹੀਂ ਤਾਂ ਤੈਨੂੰ ਪਰਵਾਰ ਸਮੇਤ ਕਤਲ ਕਰ ਦਿੱਤਾ ਜਾਵੇਗਾ।'

ਭਾਈ ਮੋਤੀ ਰਾਮ ਜੀ ਨੇ ਜਵਾਬ ਦਿੱਤਾ ਕਿ, ਮੈਨੂੰ ਮੌਤ ਦਾ ਕੋਈ ਡਰ ਨਹੀਂ। ਜੇ ਗੁਰੂ ਦੇ ਲਾਲ ਸੱਤ ਸਾਲ ਅਤੇ ਨੌਂ ਸਾਲ ਦੀ ਉਮਰ ਵਿਚ ਤੇਰੇ ਡਰਾਵੇ ਨਾਲ ਮੁਸਲਮਾਨ ਨਹੀਂ ਹੋਏ ਤਾਂ ਮੈਂ ਤਾਂ ਜਵਾਨ ਮਰਦ ਹਾਂ। ਮੇਰੇ 'ਤੇ ਤੇਰਾ ਕੀ ਅਸਰ ਹੋਣਾ ਹੈ? ਇਹ ਸੁਣਦਿਆਂ ਹੀ ਸੂਬੇ ਨੇ ਹੁਕਮ ਦਿੱਤਾ ਕਿ ਇਸ ਦਾ ਪਰਿਵਾਰ ਨਰੜ ਕੇ ਲਿਆਉ। ਜਿੱਥੇ ਸਾਰੇ ਸਰਹਿੰਦ ਸ਼ਹਿਰ ਵਿਚ ਢੰਡੋਰਾ ਦੇ ਕੇ ਵੱਡੀ ਗਿਣਤੀ ਵਿੱਚ

ਲੋਕ ਇਕੱਠੇ ਕੀਤੇ ਗਏ ਸਨ। ਉਨ੍ਹਾਂ ਸਮਿਆਂ ਵਿਚ ਜਦੋਂ ਵੀ ਕਿਸੇ ਨੂੰ ਸਜ਼ਾ ਦੇਣੀ ਹੁੰਦੀ ਸੀ ਤਾਂ ਸਾਰੇ ਇਲਾਕੇ ਦੇ ਲੋਕ ਇਕੱਠੇ ਕੀਤੇ ਜਾਂਦੇ ਸਨ ਕਿ ਲੋਕ ਜ਼ੁਲਮ ਵੇਖ ਕੇ ਡਰ ਜਾਣ ਅਤੇ ਕੋਈ ਵੀ ਹਕੂਮਤ ਦੇ ਵਿਰੁੱਧ ਕੋਈ ਕਾਰਵਾਈ ਕਰਨ ਦੀ ਜ਼ੁਰਅਤ ਨਾ ਕਰੇ। ਭਾਈ ਮੋਤੀ ਰਾਮ ਜੀ ਦੀ ਮਾਤਾ, ਪਤਨੀ ਅਤੇ 2 ਸਾਲ ਦੇ ਪੁੱਤਰ ਨਰਾਇਣੇ ਨੂੰ ਬੰਨ੍ਹ ਕੇ ਤੇਲੀਆਂ ਮੁਹੱਲੇ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਕੋਹਲੂ ਦੇ ਕੋਲ ਲੈ ਆਂਦਾ ਅਤੇ ਕੋੜੇ ਮਾਰ-ਮਾਰ ਕੇ ਅਧਮੋਏ ਕਰ ਦਿੱਤਾ। ਕਵੀ ਕਿਸ਼ਨ ਸਿੰਘ ਲਿਖਦਾ ਹੈ:

ਜਦ ਦੁਸ਼ਟਨ ਮੋਤੀ ਗਹਿ ਲੀਨਾ,
ਕੋਹਲੂ ਨਿਕਟ ਤਨਹਿ ਬੰਧ ਦੀਨਾ।
ਸਭ ਪਰਿਵਾਰਹਿ ਸੰਗ ਸਾਥ ਲਯਾਓ,
ਮਿਤੁ ਦੰਡ ਤਿੰਨ ਸਭਹਿ ਸੁਨਾਇਯੋ॥੯੦॥
ਇਹ ਸੁਨ ਰਿਸਯੋ ਬਹੁਤ ਵਜੀਰਾ,
ਤਿਸਹਿ ਤਿਆਗੀ ਸਗਲੀ ਧੀਰਾ।
ਪਕੜ ਮੰਗਾਯੋ ਸਭ ਪ੍ਰਵਾਰਾ,
ਉਨ ਪਰ ਕੀਨੋ ਜੁਲਮ ਕਰਾਰਾ॥੨੦੦॥
ਕੋਹੜੇ ਮਾਰ ਕੀਏ ਅਦਮੋਏ,
ਹਿੰਦੂ ਦੇਖ ਤਾਹਿ ਤ੍ਰਾਹਿ ਬਿਗੋਏ।
ਪਹਿ ਲੀਨੋ ਜਲਾਦ ਬੁਲਾਈ,
ਹੁਕਮ ਕੀਨੋ ਤੁਮ ਕੋਹਲੂ ਲਿਆਈ॥੨੨੦॥
ਸਭ ਕੁਟੰਬ ਤਹਿ ਕੋਹਲੂ ਪੀੜਾਇਆ,
ਫਾਨੀ ਦੁਨੀ ਤੇ ਨਾਮ ਕਮਾਇਆ।

ਇਕ ਵਾਰੀ ਫਿਰ ਵਜੀਰ ਖਾਂ ਨੇ ਪੁੱਛਿਆ ਕਿ ਜੇ ਉਨ੍ਹਾਂ ਦੀ ਅਕਲ ਟਿਕਾਣੇ ਆ ਗਈ ਹੈ ਤਾਂ ਹਾਲੇ ਵੀ ਇਸਲਾਮ ਕਬੂਲ ਕਰ ਲਵੋ ਤਾਂ ਜਾਨ ਬਖ਼ਸ਼ ਦਿੱਤੀ ਜਾਵੇਗੀ। ਇਹ ਸੁਣਦਿਆਂ ਹੀ ਸਾਰੇ ਪਰਵਾਰ ਨੇ ਧਰਮ ਛੱਡਣ ਤੋਂ ਇਨਕਾਰ ਕਰ ਦਿੱਤਾ। ਸੂਬੇ ਨੇ ਕ੍ਰੋਧ ਵਿੱਚ ਆ ਕੇ ਕਿਹਾ ਕਿ ਸਾਰੇ ਪਰਵਾਰ ਨੂੰ ਕੋਹਲੂ ਵਿਚ ਪੀੜ ਦਿੱਤਾ ਜਾਵੇ। ਹੁਕਮ ਦੀ ਤਾਮੀਲ ਹੋਈ। ਸਭ ਤੋਂ ਪਹਿਲਾਂ ਜੱਲਾਦਾਂ ਨੇ ਉਨ੍ਹਾਂ ਦੇ 7 ਸਾਲ ਦੇ ਸਪੁੱਤਰ ਨਰਾਇਣੇ ਨੂੰ ਮਾਤਾ ਭੋਈ ਦੀ ਗੋਦ ’ਚੋਂ ਖੋਹਣ ਦਾ ਯਤਨ ਕੀਤਾ ਕਿ ਬੱਚੇ ਦੀਆਂ ਚੀਕਾਂ ਸੁਣ ਕੇ ਪਰਵਾਰ ਸਹਿਮ ਜਾਵੇਗਾ ਅਤੇ ਇਸਲਾਮ ਕਬੂਲ ਲਵੇਗਾ। ਜਦੋਂ ਮਾਂ ਦੀ ਗੋਦ ਵਿੱਚੋਂ ਜੱਲਾਦਾਂ ਨੇ ਬੱਚੇ ਨੂੰ ਧੂਹ ਕੇ ਚੁੱਕਣ ਦਾ ਯਤਨ ਕੀਤਾ ਤਾਂ ਬੱਚਾ ਚੀਕਾਂ ਮਾਰ ਕੇ ਮਾਂ ਨਾਲ ਚਿੰਬੜ ਗਿਆ। ਮਾਂ ਨੇ ਵਾਸਤਾ ਪਾਇਆ ਕਿ ਇਸ ਬੱਚੇ ਦਾ ਕੀ ਕਸੂਰ ਹੈ? ਮੈਨੂੰ ਭਾਵੇਂ ਭਖਦੀ ਅੱਗ ਵਿਚ ਸੁੱਟ ਦੇਵੋ। ਪਰ ਮੇਰੇ ਬੱਚੇ ਨੂੰ ਛੱਡ ਦਿਓ। ਜੱਲਾਦਾਂ ਨੇ ਬੱਚੇ ਅਤੇ ਮਾਂ ਨੂੰ ਕੋੜੇ ਮਾਰ-ਮਾਰ ਕੇ ਬੇਹਾਲ ਕਰ ਦਿੱਤਾ। ਅਖੀਰ ਅਧਮੋਈ ਮਾਂ ਕੋਲੋਂ ਬੇਹੋਸ਼ੀ ਦੀ ਹਾਲਤ ਵਿਚ ਰੋਂਦਾ ਕੁਰਲਾਉਂਦਾ ਬੱਚਾ ਖੋਹ ਲਿਆ ਗਿਆ। ਜੱਲਾਦਾਂ ਨੇ ਬੱਚੇ ਦੇ ਜਦੋਂ ਪੈਰ ਕੋਹਲੂ ਵਿੱਚ ਕੇ ਦੇ ਕੋਹਲੂ ਗੇੜਿਆ ਤਾਂ ਉਸ ਦੀਆਂ ਦਰਦ ਭਰੀਆਂ ਚੀਕਾਂ, ਹਉਕੇ, ਸਿਸਕੀਆਂ ਅਤੇ ਲਾਚਾਰ ਨਜ਼ਰਾਂ ਵੇਖ ਕੇ ਲੋਕਾਂ ਨੂੰ ਡੋਬ ਪੈਣੇ ਸ਼ੁਰੂ ਹੋ ਗਏ। ਜੱਲਾਦ ਕੋਹਲੂ ਗੇੜੀ ਗਏ ਅਤੇ ਅਖੀਰ ਬੱਚੇ ਦੇ ਪੇਟ ਦਾ ਪਟਾਕਾ ਪੈ ਗਿਆ ਅਤੇ ਰੋਣ ਕੁਰਲਾਉਣ ਅਤੇ ਦੁੱਖ ਨਾਲ ਵਿਆਕੁਲ ਹੋਈ ਨੰਨੀ ਜਾਨ ਸਦਾ ਲਈ ਚੁੱਪ ਹੋ ਗਈ। ਇਹ ਦ੍ਰਿਸ਼ ਦੇਖ ਕੇ ਕਈ ਲੋਕਾਂ ਨੂੰ ਗਸ਼ਾਂ ਪੈ ਗਈਆਂ ਅਤੇ ਉਹ ਬੇਹੋਸ਼ ਹੋ ਕੇ ਧਰਤੀ 'ਤੇ ਡਿੱਗ ਪਏ। ਫਿਰ ਜੱਲਾਦਾਂ ਨੇ ਭਾਈ ਮੋਤੀ ਰਾਮ ਜੀ ਦੀ 80 ਸਾਲਾ ਮਾਤਾ ਲੱਧੋ ਨੂੰ ਵੀ ਕੋਹਲੂ ਵਿਚ ਪੀੜ੍ਹ ਦਿੱਤਾ। ਇਹ ਦ੍ਰਿਸ਼ ਦੇਖ ਦੇ ਲੋਕ ਤ੍ਰਾਹ-ਤ੍ਰਾਹ ਕਰ ਉੱਠੇ। ਫਿਰ ਵਾਰੀ ਆਈ ਬੀਬੀ ਭੋਈ ਦੀ, ਉਸ ਨੂੰ ਵੀ ਪੁੱਤ ਦੀ ਯਾਦ ਵਿਚ ਹੌਕੇ ਲੈਂਦੀ ਨੂੰ ਕੋਹਲੂ ਵਿਚ ਪੀੜ ਕੇ ਸ਼ਹੀਦ ਕਰ ਦਿੱਤਾ ਗਿਆ। ਵਜ਼ੀਰ ਖਾਂ ਨੇ ਹੰਕਾਰ ਦਾ ਫੁੰਕਾਰਾ ਮਾਰ ਕੇ ਭਾਈ ਮੋਤੀ ਰਾਮ ਜੀ ਨੂੰ ਕਿਹਾ ਕਿ ਕੀ ਖੱਟਿਆ ਹੈ ਉਸ ਨੇ ਜਿੱਦ ਕਰ ਕੇ ਹਾਲੇ ਵੀ ਵੇਲਾ ਹੈ ਇਸਲਾਮ ਧਾਰਨ ਕਰ ਲਵੋ। ਜਾਨ ਬਖਸ਼ ਦਿੱਤੀ ਜਾਵੇਗੀ। ਭਾਈ ਮੋਤੀ ਰਾਮ ਜੀ ਨੇ ਸਖਤ ਸ਼ਬਦਾਂ ਵਿਚ ਤਾੜਨਾ ਕਰਦੇ ਹੋਏ ਕਿਹਾ ਕਿ ਕਿ ਅਸੀਂ ਧਰਮ ਅਤੇ ਗੁਰੂ ਤੋਂ ਬੇਮੁਖ ਨਹੀਂ ਹੋਣਾ ਤੂੰ ਜੋ ਕਰਨਾ ਕਰ ਲੈ। ਅਖੀਰ ਹਾਰ ਅਤੇ ਬੇਇੱਜ਼ਤੀ ਮਹਿਸੂਸ ਕਰਦਿਆਂ ਸੂਬੇ ਨੇ ਭਾਈ ਮੋਤੀ ਰਾਮ ਜੀ ਨੂੰ ਵੀ ਕੋਹਲੂ ਵਿਚ ਪੀੜ ਕੇ ਸ਼ਹੀਦ ਕਰਨ ਦਾ ਹੁਕਮ ਦਿੱਤਾ।

ਭਾਈ ਮੋਤੀ ਰਾਮ ਜੀ ਦਾ ਬਹੁਤ ਹੀ ਭਰਵਾਂ ਜੁੱਸਾ ਵੇਖ ਕੇ ਜੱਲਾਦਾਂ ਕਿਹਾ ਕਿ ਇਸ ਨੂੰ ਕੋਹਲੂ ਵਿਚ ਪੀੜਨਾ ਮੁਸ਼ਕਿਲ ਹੈ। ਕੋਹਲੂ ਨੂੰ ਦੁਬਾਰਾ ਤੇਲ ਦੇ ਕੇ ਰਵਾਂ ਕੀਤਾ ਗਿਆ। ਪਰ ਜਦੋਂ ਕੋਹਲ ਛਾਤੀ 'ਤੇ ਆਇਆ ਤਾਂ ਅੜ ਗਿਆ ਬਹੁਤ ਜ਼ੋਰ ਲਗਾਉਣ 'ਤੇ ਜਦੋਂ ਅੱਗੋਂ ਨਾ ਚੱਲਿਆ ਤਾਂ ਪੁੱਠਾ ਘੁਮਾ ਕੇ ਬਾਬਾ ਮੋਤੀ ਰਾਮ ਮਹਿਰਾ ਜੀ ਨੂੰ ਬਾਹਰ ਸੁੱਟ ਦਿੱਤਾ। ਇਸ ਤਰ੍ਹਾਂ ‘ਸਰਬੰਸ ਦਾਨੀ ਗੁਰੂ’ ਦਾ ‘ਸਰਬੰਸ ਦਾਨੀ’ ਸਿੱਖ ਪਰਵਾਰ ਸਮੇਤ ਸ਼ਹੀਦੀ ਦਾ ਜਾਮ ਪੀ ਕੇ ਅਮਰ ਹੋ ਗਿਆ।

# ਸਤਿਗੁਰੂ ਜਗਜੀਤ ਸਿੰਘ ਜੀ
# ਅਤੇ
# ਗੁਰਬਾਣੀ ਦਾ ਸਤਿਕਾਰ



**ਦਵਿੰਦਰ ਸਿੰਘ ਗਿੱਲ (ਜੀਆ ਨੱਥਾ)**
**94177-69103**

ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਜਗਤ ਤੇ ਬਹੁਤ ਵੱਡਾ ਅਹਿਸਾਨ ਕੀਤਾ ਕਿ ਸਿੱਖ ਦੇ ਭਲੇ ਲਈ ਉਨ੍ਹਾਂ ਨੇ ਸਿੱਖ ਨੂੰ ਬਾਣੀ ਦਾ ਤੋਹਫਾ ਦਿੱਤਾ ਹੈ। ਜਿਸ ਨੂੰ ਪੜ੍ਹ ਕੇ ਸੁਣ ਕੇ ਉਸ ਤੇ ਅਮਲ ਕਰਕੇ ਸਿੱਖ ਆਪਣਾ ਲੋਕ ਸੁਖੀਆ ਪਰਲੋਕ ਸੁਹੇਲਾ ਕਰ ਲੈਂਦਾ ਹੈ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਕਾਲ ਪੁਰਖ ਨਾਲ ਇਕਸੁਰਤਾ ਹੁੰਦੀ ਸੀ ਤਾਂ ਉਹ ਪੁਕਾਰ ਉੱਠਦੇ ਸਨ ਮਰਦਾਨਿਆ ਰਬਾਬ ਵਜਾ ਬਾਣੀ ਆਈ ਹੈ ਫਿਰ ਉਸ ਬਾਣੀ ਨੂੰ ਗੁਰੂ ਜੀ ਨੇ ਸਾਂਭਿਆ ਤੇ ਸੰਭਾਲ ਰੱਖ ਕੇ ਉਹ ਪੰਚਮ ਪਾਤਸ਼ਾਹ ਜੀ ਤਕ ਪਹੁੰਚੀ। ਪੰਚਮ ਪਾਤਸ਼ਾਹ ਜੀ ਨੇ ਉਸ ਸਾਰੀ ਇਲਾਹੀ ਬਾਣੀ ਅਤੇ ਭਗਤਾਂ ਦੀ ਬਾਣੀ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੱਧੀ ਸੀ। ਫਿਰ ਉਸ ਵਿੱਚ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਸ਼ਾਮਲ ਕੀਤੀ ਸੀ।

ਉਹ ਇਲਾਹੀ ਗੁਰਬਾਣੀ ਸੀਨਾ ਬਸੀਨਾ ਪ੍ਰੰਪਰਾ ਅਨੁਸਾਰ ਸਿੱਖ ਜਗਤ ਵਿੱਚ ਚੱਲਦੀ ਹੋਈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਕਾਲ ਤਕ ਪਹੁੰਚੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸਦਾ ਅਦਬ ਸਤਿਕਾਰ ਕਰਨ ਲਈ ਸੰਗਤ ਨੂੰ ਬੜੇ ਧਿਆਨ ਨਾਲ ਲਗਾ ਮਾਤਰਾਂ ਦਾ ਸ਼ੁੱਧ ਉਚਾਰਨ ਕਰਨ ਦਾ ਉਪਦੇਸ਼ ਕੀਤਾ। ਇਸ ਪ੍ਰਤੀ ਸਤਿਗੁਰੂ ਉਦੇ ਸਿੰਘ ਜੀ ਵੀ ਕਿਰਪਾ ਕਰਦੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਸਮੇਂ ਦੌਰਾਨ ਗੁਰਬਾਣੀ ਦਾ ਸਤਿਕਾਰ ਕੀਤਾ ਅਤੇ ਕਰਵਾਇਆ ਸਭ ਤੋਂ ਪਹਿਲਾਂ ਬਾਹਰੀ ਸਤਿਕਾਰ, ਬਾਹਰੀ ਸਤਿਕਾਰ ਵਿੱਚ ਸਤਿਗੁਰੂ ਜੀ ਨੇ ਬਾਣੀ ਸ਼ੁੱਧ ਕਰਵਾਈ। ਜਿਨ੍ਹਾਂ ਨੇ ਵੀ ਪਾਠ ਕਰਨਾ ਸੱਚੇ ਪਾਤਸ਼ਾਹ ਜੀ ਨੇ ਆਪ ਬੈਠ ਕੇ ਪਾਠ ਸੁਣਨਾ ਇੱਕ ਇੱਕ ਲਗ ਮਾਤਰਾ ਜਿਸ ਤਰ੍ਹਾਂ ਬੀੜਾਂ ਵਿੱਚ ਲਿਖੀਆਂ ਗਈਆਂ ਸਨ। ਉਸ ਢੰਗ ਨਾਲ ਸਿਖਾਉਣੀਆਂ ਤੇ ਦੱਸਣੀਆਂ ਪਾਠੀਆਂ ਦਾ ਪਾਠ ਇਨ੍ਹਾਂ ਸ਼ੁੱਧ ਹੋ ਗਿਆ ਕਿ ਜਿਸ ਵਿਚ ਕੋਈ ਵੀ ਲਗ ਮਾਤਰਾ ਗਲਤ ਨਹੀਂ ਸੀ ਹੁੰਦੀ।

ਇੱਥੇ ਹੀ ਬੱਸ ਨਹੀਂ ਸੱਚੇ ਪਾਤਸ਼ਾਹ ਜੀ ਨੇ 1959 ਈ. ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਛੇਤੀ ਬਾਅਦ ਭਾਂਪ ਲਿਆ ਸੀ ਕਿ ਵਰਤਮਾਨ ਨੌਜਵਾਨ ਭਵਿੱਖ ਨੂੰ ਸੰਭਾਲਣਗੇ ਜੋ ਪੰਥ ਅਤੇ ਦੇਸ਼ ਦੀ ਤਰੱਕੀ ਵਿੱਚ ਹਿੱਸਾ ਲੈਣਾ ਹੈ। ਉਨ੍ਹਾਂ ਨੂੰ ਰਹਿਨੁਮਾਈ ਦੀ ਲੋੜ ਹੈ ਅਤੇ ਅਧਿਆਤਮਕ ਪੱਖ ਸਾਂਭਣ ਦੀ ਲੋੜ ਹੈ। ਅਧਿਆਤਮਕ ਪੱਖ ਤਾਂ ਹੀ ਉੱਜਲਾ ਹੋਵੇਗਾ। ਜੇ ਉਹ ਆਪਣੇ ਇਤਿਹਾਸ ਅਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਜਾਣੂ ਹੋਣ। ਗੁਰਬਾਣੀ ਦਾ ਗਿਆਨ ਅਤੇ ਗੁਰਬਾਣੀ ਦੀ ਜਾਣਕਾਰੀ ਹੋਵੇ ਸਤਿਗੁਰੂ ਜੀ ਨੇ ਇਸ ਮਕਸਦ ਲਈ 1 ਸਤੰਬਰ 1962 ਨੂੰ ਨਾਮਧਾਰੀ ਨੌਜਵਾਨਾਂ ਦੀ ਮੀਟਿੰਗ ਬੁਲਾਈ ਅਤੇ ਉਸ ਮੀਟਿੰਗ ਦਾ ਨੌਜਵਾਨਾਂ ਨੂੰ ਮੰਤਵ ਦੱਸਿਆ ਅਤੇ ਉਸ ਜਥੇ ਦਾ ਨਾਮ ਨਾਮਧਾਰੀ ਵਿੱਦਿਅਕ ਜਥਾ ਰੱਖਿਆ ਗਿਆ 1965 ਈ. ਤੋਂ ਨਿਰੰਤਰ ਜਥੇ ਦੇ ਸਾਲਾਨਾ ਸਮਾਗਮ ਹੋਣ ਲੱਗੇ ਜੋ ਹਰ ਸਾਲ ਸ੍ਰੀ ਭੈਣੀ ਸਾਹਿਬ ਅਤੇ ਹੋਰ ਸ਼ਹਿਰਾਂ ਵਿੱਚ ਹੋਣ ਲੱਗੇ। ਇਨ੍ਹਾਂ ਸਮਾਗਮਾਂ ਵਿੱਚ ਨੌਜਵਾਨਾਂ ਨੂੰ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਮਰਿਆਦਾ ਅਤੇ ਗੁਰਬਾਣੀ ਬਾਰੇ ਦੱਸਿਆ ਜਾਣ ਲੱਗਾ।

ਸ੍ਰੀ ਆਦਿ ਗ੍ਰੰਥ ਸਾਹਿਬ ਦਾ ਸ਼ੁੱਧ ਪਾਠ ਬਾਣੀ ਅਨੁਸਾਰ ਲਗਾ ਮਾਤਰਾ ਲਗਾ ਕੇ ਕਰਨਾ ਦੱਸਿਆ ਜਾਂਦਾ। ਸਮਾਗਮਾਂ ਵਿਚ ਪਾਠ ਕਰਨਾ ਅਤੇ ਸ਼ੁੱਧ ਉਚਾਰਨ ਆਚਾਰ ਵਿਵਹਾਰ ਬਾਰੇ ਦੱਸਿਆ ਜਾਂਦਾ। ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸਵਾਰੀ ਸਮਾਗਮਾਂ ਵਿੱਚ ਲਿਆਂਦੀ ਜਾਂਦੀ। ਸਤਿਗੁਰੂ ਜੀ ਆਪ ਵੀ ਸਤਿਕਾਰ ਵਿੱਚ ਹੱਥ ਜੋੜ ਕੇ ਖੜ੍ਹੇ ਹੋ ਜਾਇਆ ਕਰਦੇ ਅਤੇ ਉਨ੍ਹਾਂ ਚਿਰ ਆਸਣ ਤੇ ਨਾ ਬੈਠਦੇ ਜਿੰਨਾ ਚਿਰ ਤਕ ਪੀੜ੍ਹਾ ਸਾਹਿਬ ਤੇ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾ ਹੋ ਜਾਂਦਾ। ਇਸੇ ਤਰ੍ਹਾਂ ਗੁਰਬਾਣੀ ਸਤਿਕਾਰ ਕਰਨ ਨੂੰ ਸੱਚੇ ਪਾਤਸ਼ਾਹ ਜੀ ਸੰਗਤ ਨੂੰ ਆਖਿਆ ਕਰਦੇ ਸਨ। ਫਿਰ ਇਸੇ ਤਰ੍ਹਾਂ ਸੰਗਤ ਦੇ ਦੀਵਾਨ ਵਿਚ ਜਦੋਂ ਕੜਾਹ ਪ੍ਰਸ਼ਾਦਿ ਲਿਆਂਦਾ ਜਾਂਦਾ ਤਾਂ ਅਦਬ ਵਿੱਚ ਸੰਗਤ ਖੜੋ ਜਾਇਆ

ਕਰਦੀ ਹੈ। ਇਹ ਹੁਕਮ ਸਤਿਗੁਰੂ ਜੀ ਵੱਲੋਂ ਅੱਜ ਵੀ ਕੀਤਾ ਹੋਇਆ ਹੈ ਕਿ ਹਰ ਨਾਮਧਾਰੀ ਪਰਿਵਾਰ ਵਿੱਚ ਹਰ ਮਹੀਨੇ ਇੱਕ ਪਾਠ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਜਾਂ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਦਾ ਕੀਤਾ ਜਾਇਆ ਕਰੇ।

ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਜੇਕਰ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਪਾਠ ਹੋ ਰਿਹਾ ਹੁੰਦਾ ਸੀ ਤਾਂ ਆਪ ਜੀ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪ੍ਰਕਾਸ਼ ਸਥਾਨ ਤੋਂ ਨੀਵੇਂ ਥਾਂ ਬੈਠਿਆ ਕਰਦੇ ਸਨ। ਕਦੇ ਵੀ ਬਰਾਬਰ ਨਹੀਂ ਸੀ ਬੈਠਿਆ ਕਰਦੇ। ਸ੍ਰੀ ਆਦਿ ਗ੍ਰੰਥ ਸਾਹਿਬ ਜਾਂ ਦਸਮ ਗ੍ਰੰਥ ਸਾਹਿਬ ਤੇ ਮਰਿਆਦਾ ਅਨੁਸਾਰ ਚੰਦੋਆ ਲਗਾਇਆ ਜਾਂਦਾ ਸੀ। ਇਹ ਪਰੰਪਰਾ ਪੰਥ ਵਿੱਚ ਜਿਉਂ ਦੀ ਤਿਉਂ ਪ੍ਰਚੱਲਿਤ ਹੈ। ਇਸ ਪ੍ਰਤੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਉਪਦੇਸ਼ ਵਿੱਚ ਇਸ ਪ੍ਰਕਾਰ ਕਿਰਪਾ ਕਰਦੇ ਹਨ।

ਜੇ ਮੈਂ (ਗੁਰਬਾਣੀ ਦੇ) ਸਤਿਕਾਰ ਕਰਨ ਦੀ ਗੱਲ ਕਰਾਂ ਬਹੁਤ ਸਾਰੇ ਸਤਿਕਾਰ ਕਰਦੇ ਹਨ। ਸਿਰਫ਼ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਪ੍ਰਕਾਸ਼ ਹੁੰਦਾ ਹੈ। ਪਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਕੋਲ ਬੈਠਿਆਂ ਜੇ ਕਿਸੇ ਨੇ ਗੁਰਬਾਣੀ ਦੀ ਕੋਈ ਤੁਕ ਪੜ੍ਹਨੀ ਜਾਂ ਬੋਲਣੀ ਜਾਂ ਪ੍ਰਮਾਣ ਦੇਣਾ ਜਾਂ ਗਾਉਣਾ ਸੱਚੇ ਪਾਤਸ਼ਾਹ ਜੀ ਨੇ ਮੰਜੇ ਤੋਂ ਉੱਠ ਕੇ ਥੱਲੇ ਬੈਠ ਜਾਣਾ ਉਹਦੇ ਬਰਾਬਰ ਬੈਠ ਕੇ ਜਾਂ ਉੱਚੇ ਥਾਂ ਬੈਠ ਕੇ ਅਸੀਂ ਗੁਰਬਾਣੀ ਸੁਣਦੇ ਹਾਂ ਅਤੇ ਸਾਡੇ ਤੋਂ ਨੀਵੀਂ ਥਾਂ ਬੈਠ ਕੋਈ ਪੜ੍ਹਦਾ ਹੈ ਤਾਂ ਉਸ ਵਿੱਚ ਗੁਰਬਾਣੀ ਦੀ ਬੇਅਦਬੀ ਹੁੰਦੀ ਹੈ। ਮੈਂ ਹੋਰ ਕਿਸੇ ਨੂੰ ਇਸ ਤਰ੍ਹਾਂ ਕਰਦਿਆਂ ਨਹੀਂ ਦੇਖਿਆ। ਇਹੋ ਹੀ ਸੱਚੇ ਪਾਤਸ਼ਾਹ ਜੀ ਨੇ ਸਾਰਿਆਂ ਨੂੰ ਸਿਖਾਇਆ ਕਿ ਜੇਕਰ ਕੋਈ ਗੁਰਬਾਣੀ ਪੜ੍ਹਦਾ ਹੈ ਜਾਂ ਗੁਰਬਾਣੀ ਦਾ ਨਾਂ ਲੈਂਦਾ ਹੈ ਤਾਂ ਤੁਸੀਂ ਉੱਚੇ ਥਾਂ ਬੈਠ ਕੇ ਨਹੀਂ ਸੁਣਨਾ। ਸਤਿਗੁਰੂ ਜੀ ਨੇ ਅੱਗੇ ਵੀ ਕਿਰਪਾ ਕੀਤੀ ਕਿ ਕੋਈ ਸੰਗੀਤਕਾਰ ਥੱਲੇ ਨਾ ਬੈਠਾ ਹੋਵੇ ਅਤੇ ਸੱਚੇ ਪਾਤਸ਼ਾਹ ਜੀ ਆਪ ਥੱਲੇ ਬੈਠ ਜਾਣਾ।

ਸਤਿਗੁਰੂ ਜੀ ਨੇ ਰਾਗੀਆਂ ਤੇ ਵੀ ਅਪਾਰ ਕ੍ਰਿਪਾ ਕੀਤੀ। ਉਨ੍ਹਾਂ ਦਾ ਪਾਠ ਤੇ ਉਚਾਰਨ ਸ਼ੁੱਧ ਕਰਵਾਇਆ ਕਈ ਪੰਥ ਦੇ ਪ੍ਰਸਿੱਧ ਰਾਗੀ ਵੀ ਕੀਰਤਨ ਕਰਨ ਸਮੇਂ ਲਾਪਰਵਾਹੀ ਵਿੱਚ ਜਾਂ ਸੁਭਾਵਕ ਹੀ ਅਸ਼ੁੱਧ ਗਾਇਣ ਕਰ ਜਾਂਦੇ ਸਨ। ਸੱਚੇ ਪਾਤਸ਼ਾਹ ਜੀ ਨੇ ਗੁਰੂ ਘਰ ਵੱਲੋਂ ਖਰਚ ਸਹਿਣ ਕਰਕੇ ਪ੍ਰਸਿੱਧ ਉਸਤਾਦਾਂ ਤੋਂ ਨੌਜਵਾਨ ਰਾਗੀਆਂ ਨੂੰ ਪ੍ਰਾਚੀਨ ਰੀਤਾਂ ਦੀ ਜਾਣਕਾਰੀ ਦਿਵਾਈ ਸੀ। ਉਨ੍ਹਾਂ ਰਾਗੀਆਂ ਵਿੱਚ ਬੈਠ ਕੇ ਸ਼ੁੱਧ ਗਾਇਨ ਨੂੰ ਸੁਣਨਾ ਅਤੇ ਉਨ੍ਹਾਂ ਦੀਆਂ ਗ਼ਲਤੀਆਂ ਨੂੰ ਸ਼ੁੱਧ ਕਰਿਆ ਕਰਦੇ ਸਨ। ਜਿੱਥੇ ਵੀ ਰਾਗੀਆਂ ਤੋਂ ਸਾਧੂ ਉਚਾਰਣ ਹੋ ਜਾਂਦਾ ਸੱਚੇ ਪਾਤਸ਼ਾਹ ਜੀ ਕੀਰਤਨ ਰੋਕ ਕੇ ਉਨ੍ਹਾਂ ਦਾ ਮਾਰਗ ਦਰਸ਼ਨ ਕਰਿਆ ਕਰਦੇ ਸਨ। ਕਈ ਵਾਰ ਪ੍ਰਸਿੱਧ ਵਿਦਵਾਨ ਮਾਸਟਰ ਦਰਸ਼ਨ ਸਿੰਘ ਜੀ ਅਸ਼ੁੱਧ ਉਚਾਰਨ ਬਾਰੇ ਦੱਸ ਕੇ ਸ਼ੁੱਧ ਪਾਠ ਕਰਨ ਬਾਰੇ ਦੱਸਿਆ ਕਰਦੇ ਸਨ ਜੋ ਸਭ ਲਈ ਇਕ ਸਿੱਖਿਆ ਸੀ।

ਇੱਥੇ ਹੀ ਬਸ ਨਹੀਂ ਸੱਚੇ ਪਾਤਸ਼ਾਹ ਜੀ ਨੇ ਗੁਰਬਾਣੀ ਨੂੰ ਵੱਧ ਤੋਂ ਵੱਧ ਕੰਠ ਕਰਨ ਦੀ ਹਦਾਇਤ ਕੀਤੀ। ਪਹਿਲਾਂ ਬਹੁਤ ਸਾਰੇ ਰਾਗੀ ਗੁਰਬਾਣੀ ਦੇ ਸ਼ਬਦਾਂ ਤੇ ਤੁਕਾਂ ਨੂੰ ਛੋਟੇ ਕਾਗਜ਼ਾਂ ਤੇ ਲਿਖ ਕੇ ਦੀਵਾਨ ਵਿੱਚ ਲੈ ਆਉਂਦੇ ਜਾਂ ਫਿਰ ਮੋਬਾਇਲ ਫੋਨ ਵਿਚ ਫੀਡ ਕਰਕੇ ਕੀਰਤਨ ਕਰਨ ਸਮੇਂ ਉਥੋਂ ਪੜ੍ਹ ਕੇ ਕੀਰਤਨ ਕਰਿਆ ਕਰਦੇ ਸਨ। ਪਾਤਸ਼ਾਹ ਜੀ ਨੇ ਐਸਾ ਕਰਨ ਦੀ ਸਖ਼ਤ ਮਨਾਹੀ ਕਰ ਦਿੱਤੀ ਸੀ ਅਤੇ ਬਾਣੀ ਨੂੰ ਕੰਠ ਕਰਨ ਦੀ ਪ੍ਰੇਰਨਾ ਕੀਤੀ, ਰਾਗੀਆਂ ਨੇ ਸਤਿਗੁਰੂ ਜੀ ਦੀ ਸਿੱਖਿਆ ਤੇ ਅਮਲ ਕੀਤਾ ਅਤੇ ਬਾਣੀ ਕੰਠ ਕਰਕੇ ਸੱਚੇ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਹਾਸਲ ਕੀਤੀਆਂ।

ਸਤਿਗੁਰੂ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਤੇ ਸਤਿਕਾਰ ਤਾਂ ਕਰਿਆ ਹੀ ਕਰਦੇ ਸਨ ਪ੍ਰੰਤੂ ਸੈਂਚੀਆਂ ਦਾ ਵੀ ਉਹ ਪੂਰਨ ਸਤਿਕਾਰ ਕਰਿਆ ਕਰਦੇ ਸਨ। ਉਨ੍ਹਾਂ ਨੂੰ ਸਾਫ ਰੁਮਾਲਿਆਂ ਵਿੱਚ ਰੱਖ ਕੇ ਲਿਆਂਦਾ ਜਾਂਦਾ ਅਤੇ ਖੜ੍ਹੇ ਹੋ ਕੇ ਪੂਰਨ ਮਰਿਆਦਾ ਨਾਲ ਉਨ੍ਹਾਂ ਦਾ ਸਤਿਕਾਰ ਕਰਿਆ ਜਾਂਦਾ। ਫੇਰ ਇੱਥੋਂ ਤੱਕ ਕੇ ਸਤਿਗੁਰੂ ਜੀ ਵੱਲੋਂ ਜਦੋਂ ਨਾਮਧਾਰੀ ਦਰਬਾਰ ਨੇ ਗੁਟਕਿਆਂ ਦੀ ਪ੍ਰਕਾਸ਼ਨਾ ਕਰਨੀ ਹੁੰਦੀ ਤਾਂ ਗੁਰਬਾਣੀ ਦੀ ਪੂਰਨ ਧਿਆਨ ਅਤੇ ਮਰਿਆਦਾ ਨਾਲ ਪਰੂਫ ਰੀਡਿੰਗ ਕੀਤੀ ਜਾਂਦੀ। ਫੇਰ ਪਰੂਫ ਰੀਡਿੰਗ ਵਾਲੇ ਪੇਪਰ ਚਿੱਟੇ ਕੱਪੜਿਆਂ ਵਿੱਚ ਸਾਂਭੇ ਜਾਂਦੇ ਅਤੇ ਪਰੂਫ ਰੀਡਿੰਗ ਵਾਲੇ ਕਾਗਜ਼ਾਂ ਨੂੰ ਰੱਦੀ ਵਿੱਚ ਨਹੀਂ ਦਿੱਤਾ ਜਾਂਦਾ। ਇਹ ਪਾਤਸ਼ਾਹ ਜੀ ਦਾ ਹੁਕਮ ਹੁੰਦਾ ਸੀ।

ਫੇਰ ਉਹ ਪੇਪਰ ਨੀਲੇ ਜਾਂ ਕਾਲੇ ਕਾਗਜ਼ ਵਿਚ ਨਹੀਂ ਰੱਖੇ ਜਾਂਦੇ ਸਨ ਅਤੇ ਸਤਿਗੁਰੂ ਜੀ ਵੱਲੋਂ ਨੀਲੇ ਤੇ ਕਾਲੇ ਰੰਗ ਦੀ ਵਰਤੋਂ ਦੀ ਸਖ਼ਤ ਮਨਾਹੀ ਕੀਤੀ ਜਾਂਦੀ ਰਹੀ ਹੈ ਕਿਉਂਕਿ ਇਸ ਰੰਗ ਦੀ ਵਰਤੋਂ ਕਰਨੀ ਨਾਮਧਾਰੀ ਪੰਥ ਵੱਲੋਂ ਗੁਰਬਾਣੀ ਦੀ ਬੇਅਦਬੀ ਕਰਨੀ ਮੰਨਿਆ ਜਾਂਦਾ ਰਿਹਾ ਹੈ। ਇਸ ਤਰ੍ਹਾਂ ਪਾਤਸ਼ਾਹ ਜੀ ਗੁਰਸਿੱਖਾਂ ਤੇ ਕਿਰਪਾ ਕਰਨੀ। ਉਨ੍ਹਾਂ ਦਾ ਮਾਰਗਦਰਸ਼ਨ ਕਰਨ ਬਾਰੇ ਪਾਤਸ਼ਾਹ ਜੀ ਸਮਝਦੇ ਸਨ ਕਿ ਮੈਂ ਕੁਝ ਨਹੀਂ ਕੀਤਾ ਇਹ ਸਭ ਪੂਰਬਲੇ ਸਤਿਗੁਰਾਂ ਦੀ ਕਿਰਪਾ ਹੋਈ ਹੈ।

**ਬਾਕੀ ਸਫ਼ਾ ਨੰ 19 'ਤੇ**

# ਪੰਜਾਬੀ ਸ਼ਹੀਦਾਂ ਦੇ ਅੰਗ-ਸੰਗ

# ਵਿਸ਼ਨੂੰ ਗਣੇਸ਼ ਪਿੰਗਲੇ



**ਗੁਰਦੇਵ ਸਿੰਘ ਸਿੱਧੂ**
**94170-49417**

ਗ਼ਦਰ ਪਾਰਟੀ ਦੇ ਸੱਤ ਆਗੂਆਂ ਨੂੰ 16 ਨਵੰਬਰ 1915 ਨੂੰ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ। ਉਨ੍ਹਾਂ ਆਗੂਆਂ ਵਿਚ ਛੇ ਪੰਜਾਬੀਆਂ ਦੇ ਕਰਤਾਰ ਸਿੰਘ ਸਰਾਭਾ, ਸੁਰੈਣ ਸਿੰਘ ਗਿੱਲਵਾਲੀ, ਸੁਰੈਣ ਸਿੰਘ ਗਿੱਲਵਾਲੀ (ਦੂਜਾ), ਹਰਨਾਮ ਸਿੰਘ ਭੱਟੀ ਗੋਰਾਇਆ, ਜਗਤ ਸਿੰਘ ਉਰਫ਼ ਜੈ ਸਿੰਘ, ਸੁਰ ਸਿੰਘ, ਬਖਸ਼ੀਸ਼ ਸਿੰਘ ਗਿੱਲਵਾਲੀ ਦੇ ਨਾਲ ਸੱਤਵਾਂ ਦੇਸ਼ਭਗਤ ਮਰਾਠਾ ਵਿਸ਼ਨੂੰ ਗਣੇਸ਼ ਪਿੰਗਲੇ ਸੀ ਜਿਸ ਨੇ ਵੀਹਵੀਂ ਸਦੀ ਦੇ ਸ਼ੁਰੂ ਤੋਂ ਹੀ ਪੰਜਾਬੀਆਂ ਅਤੇ ਮਰਾਠਿਆਂ ਵਿਚ ਬਣੀ ਸਾਂਝ ਨੂੰ ਅੱਗੇ ਵਧਾਇਆ।

ਵਿਸ਼ਨੂੰ ਗਣੇਸ਼ ਪਿੰਗਲੇ ਦਾ ਜਨਮ 2 ਜਨਵਰੀ 1888 ਨੂੰ ਪੂਣੇ ਨੇੜੇ ਤਲੇਗਾਉਂ ਧਮਧੇੜੇ ਪਿੰਡ ਦੇ ਇਕ ਬਾਹਮਣ ਪਰਿਵਾਰ ਵਿਚ ਹੋਇਆ। ਉਨ੍ਹੀਵੀਂ ਸਦੀ ਦੇ ਅੰਤਲੇ ਵਰਿਆਂ ਦੌਰਾਨ ਪੂਣੇ ਸ੍ਰੀ ਬਾਲ ਗੰਗਾਧਰ ਤਿਲਕ ਦੇ ਪ੍ਰਭਾਵ ਸਦਕਾ ਰਾਜਸੀ ਗਤੀਵਿਧੀਆਂ ਦਾ ਕੇਂਦਰ ਬਣਿਆ ਹੋਇਆ ਸੀ। ਇਸ ਤੋਂ ਪ੍ਰਭਾਵਿਤ ਹੋ ਕੇ ਪਿੰਗਲੇ ਵਿਦਿਆਰਥੀ ਜੀਵਨ ਦੌਰਾਨ ਹੀ ਰਾਜਨੀਤੀ ਵਿਚ ਦਿਲਚਸਪੀ ਲੈਣ ਲੱਗਾ। ਪਰਿਵਾਰ ਦੀ ਆਰਥਿਕ ਹਾਲਤ ਮਾੜੀ ਹੋਣ ਕਾਰਨ ਪੜ੍ਹਾਈ ਵਿੱਚ ਦਿਲਚਸਪੀ ਹੋਣ ਦੇ ਬਾਵਜੂਦ ਉਸ ਨੂੰ ਪੜ੍ਹਾਈ ਵਿਚੇ ਛੱਡ ਕੇ ਨੌਕਰੀ ਕਰਨ ਖ਼ਾਤਰ ਬੰਬਈ ਜਾਣਾ ਪਿਆ। ਇਹ ਸਬੱਬ ਹੀ ਸੀ ਕਿ ਉੱਥੇ ਉਸ ਨੂੰ ਜਿਸ ਕਾਰਖਾਨੇ ਵਿਚ ਕੰਮ ਮਿਲਿਆ, ਉਸ ਦਾ ਮਾਲਕ ਰਾਜਨੀਤਿਕ ਤੌਰ ਉੱਤੇ ਸਰਗਰਮ ਸੀ। ਉਸ ਦੀ ਸੰਗਤ ਵਿੱਚ ਪਿੰਗਲੇ ਵੀ ਰਾਜਸੀ ਇਕੱਠਾਂ ਵਿੱਚ ਭਾਗ ਲੈਣ ਲੱਗ ਪਿਆ। ਕੁਝ ਸਮੇਂ ਪਿੱਛੋਂ ਉਸ ਨੇ ਸਵਦੇਸ਼ੀ ਲਹਿਰ ਦੇ ਪ੍ਰਭਾਵ ਹੇਠ ਨੌਕਰੀ ਛੱਡ ਕੇ ਹੱਥ-ਖੱਡੀਆਂ ਲਾ ਲਈਆਂ। ਸਖ਼ਤ ਮਿਹਨਤ ਕਰ ਕੇ ਉਹ ਕੁਝ ਪੈਸਾ ਜੋੜਨ ਵਿਚ ਸਫ਼ਲ ਹੋਇਆ। ਇਹ ਸਾਰਾ ਕਾਰ-ਵਿਹਾਰ ਕਰਦਿਆਂ ਉਸ ਦੇ ਮਨ ਵਿਚ ਸਿੱਖਿਆ ਪ੍ਰਾਪਤੀ ਦੀ ਤਾਂਘ ਮਚਲਦੀ ਰਹੀ। ਆਖ਼ਰ ਉਹ 1912 ਵਿਚ ਹਾਂਗਕਾਂਗ ਹੁੰਦਾ ਹੋਇਆ ਅਮਰੀਕਾ ਪਹੁੰਚਿਆ ਅਤੇ ਕੈਲੀਫੋਰਨੀਆ ਯੂਨੀਵਰਸਿਟੀ ਬਰਕਲੇ ਵਿਚ ਮਕੈਨੀਕਲ ਇੰਜਨੀਅਰਿੰਗ ਦੀ ਪੜ੍ਹਾਈ ਕਰਨ ਲਈ ਦਾਖ਼ਲ ਹੋ ਗਿਆ। ਇੱਥੇ ਉਸ ਦੀ ਜਾਣ-ਪਛਾਣ ਇਸ ਯੂਨੀਵਰਸਿਟੀ ਦੇ ਇਕ ਹੋਰ ਵਿਦਿਆਰਥੀ ਕਰਤਾਰ ਸਿੰਘ ਸਰਾਭਾ ਨਾਲ ਹੋਈ। ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਵਾਉਣ ਬਾਰੇ ਦੋਵਾਂ ਦੇ ਵਿਚਾਰ ਰਲਦੇ ਸਨ ਜਿਸ ਕਾਰਨ ਆਪਸੀ ਸਾਂਝ ਹੋਰ ਗੂੜ੍ਹੀ ਹੋ ਗਈ ਜੋ ਫਾਂਸੀ ਦਾ ਰੱਸਾ ਚੁੰਮਣ ਤੱਕ ਨਿਭੀ।

ਅਮਰੀਕਾ ਵਿਚ ਜਦ ਗ਼ਦਰ ਪਾਰਟੀ ਦੀ ਸਥਾਪਨਾ ਹੋਈ ਤਾਂ ਪਿੰਗਲੇ ਅਤੇ ਸਰਾਭਾ ਦੋਵੇਂ ਗ਼ਦਰ ਪਾਰਟੀ ਦੇ ਸਿਪਾਹੀ ਬਣੇ। ਸਰਾਭਾ ਪੜ੍ਹਾਈ ਛੱਡ ਕੇ ਕੁੱਲ-ਵਕਤੀ ਪਾਰਟੀ ਕਾਮਾ ਬਣਿਆ, ਪਰ ਪਿੰਗਲੇ ਪੜ੍ਹਾਈ ਦੇ ਨਾਲ-ਨਾਲ ਗ਼ਦਰ ਪਾਰਟੀ ਦਾ ਕੰਮ ਕਰਦਾ। ਪਹਿਲੀ ਆਲਮੀ ਜੰਗ ਵਿਚ ਅੰਗਰੇਜ਼ ਸਰਕਾਰ ਦੇ ਫਸੇ ਹੋਣ ਨੂੰ, ਹਥਿਆਰਬੰਦ ਜੱਦੋ-ਜਹਿਦ ਕਰ ਕੇ ਅੰਗਰੇਜ਼ਾਂ ਨੂੰ ਹਿੰਦੋਸਤਾਨ ਵਿਚੋਂ ਕੱਢ ਦੇਣ ਦਾ ਨਾਯਾਬ ਮੌਕਾ ਮੰਨਦਿਆਂ, ਗ਼ਦਰ ਪਾਰਟੀ ਨੇ ਆਪਣੇ ਮੈਂਬਰਾਂ ਨੂੰ ਦੇਸ਼ ਪਰਤਣ ਦਾ ਸੱਦਾ ਦਿੱਤਾ ਤਾਂ ਇਸ ਦੀ ਲੋਅ ਵਿਚ ਹੋਰ ਬਹੁਤ ਸਾਰੇ ਗ਼ਦਰੀਆਂ ਵਾਂਗ ਇਹ ਦੋਵੇਂ ਵੀ ਇਕ ਹੀ ਸਮੁੰਦਰੀ ਜਹਾਜ਼ ਐੱਸ.ਐੱਸ. ਸਲਮੀਨ ਵਿੱਚ ਸਵਾਰ ਹੋ ਕੇ ਸ੍ਰੀਲੰਕਾ ਰਾਹੀਂ ਨਵੰਬਰ 1914 ਦੌਰਾਨ ਹਿੰਦੋਸਤਾਨ ਪੁੱਜੇ। ਆਪਣੇ ਉਦੇਸ਼ ਦੀ ਪੂਰਤੀ ਲਈ ਪਿੰਗਲੇ ਘਰ ਜਾਣ ਦੀ ਥਾਂ ਸਰਾਭੇ ਨਾਲ ਪੰਜਾਬ ਆ ਗਿਆ। ਅੰਗਰੇਜ਼ ਸਰਕਾਰ ਵਿਰੁੱਧ ਹਥਿਆਰਬੰਦ ਸੰਘਰਸ਼ ਦੀ ਯੋਜਨਾ ਨੂੰ ਅਮਲ ਵਿਚ ਲਿਆਉਣ ਵਾਸਤੇ ਦੋ ਦਿਸ਼ਾਵੀ ਕਾਰਜ ਕਰਨ ਦੀ ਲੋੜ ਸੀ। ਪਹਿਲਾ ਕੰਮ ਸਥਾਨਕ ਸੈਨਿਕਾਂ ਨੂੰ ਗ਼ਦਰ ਦੀ ਯੋਜਨਾ ਵਿੱਚ ਭਾਈਵਾਲ ਬਣਾਉਣਾ ਸੀ ਅਤੇ ਦੂਜਾ ਕੰਮ ਇਸ ਯੋਜਨਾ ਨੂੰ ਅਮਲ ਵਿਚ ਲਿਆਉਣ ਲਈ ਹਥਿਆਰ ਇਕੱਠੇ ਕਰਨਾ ਸੀ। ਪੰਜਾਬ ਪਹੁੰਚਣ ਸਾਰ ਦੋਵੇਂ ਸਰਾਭਾ ਅਤੇ ਪਿੰਗਲੇ ਇਨ੍ਹਾਂ ਦੋਵਾਂ ਮੁਹਾਜ਼ਾਂ ਉੱਤੇ ਸਰਗਰਮ

ਹੋ ਗਏ। ਉਨ੍ਹਾਂ ਨੂੰ ਜਾਣਕਾਰੀ ਮਿਲੀ ਕਿ ਕਪੂਰਥਲੇ ਦਾ ਵਸਨੀਕ ਦੇਸ਼ਭਗਤ ਰਾਮ ਸਰਨ ਦਾਸ, ਜੋ ਦਿੱਲੀ ਸਾਜ਼ਿਸ਼ ਮਾਮਲੇ ਵਿੱਚ ਸ਼ਾਮਲ ਸੀ, ਬੰਬ ਬਣਾਉਣੇ ਜਾਣਦਾ ਹੈ। ਇਸ ਲਈ ਦਸੰਬਰ ਮਹੀਨੇ ਪਿੰਗਲੇ, ਕਰਤਾਰ ਸਿੰਘ ਸਰਾਭਾ ਅਤੇ ਪਰਮਾ ਨੰਦ ਕਪੂਰਥਲੇ ਜਾ ਕੇ ਉਸ ਨੂੰ ਮਿਲੇ ਅਤੇ ਗ਼ਦਰ ਦੀ ਯੋਜਨਾ ਬਾਰੇ ਉਸ ਨੂੰ ਦੱਸਿਆ। ਰਾਮ ਸਰਨ ਦਾਸ ਨੇ ਉਨ੍ਹਾਂ ਨੂੰ ਬੰਗਾਲੀ ਦੇਸ਼ ਭਗਤਾਂ ਦੀ ਮਦਦ ਨਾਲ ਬੰਬ ਬਣਾਉਣ ਦੀ ਸਲਾਹ ਦਿੱਤੀ ਅਤੇ ਕਲਕੱਤੇ ਵਿਚਲੇ ਕੁਝ ਸੰਪਰਕਾਂ ਬਾਰੇ ਜਾਣਕਾਰੀ ਦਿੱਤੀ। ਕੈਲੀਫੋਰਨੀਆ ਤੋਂ ਉਨ੍ਹਾਂ ਨਾਲ ਗ਼ਦਰ ਪਾਰਟੀ ਦਾ ਹਮਾਇਤੀ ਇਕ ਬੰਗਾਲੀ ਸਤਿਅਨ ਭੂਸ਼ਨ ਸੇਨ ਆਇਆ ਸੀ ਜੋ ਬੰਗਾਲੀ ਇਨਕਲਾਬੀਆਂ ਦੇ ਸੰਪਰਕ ਵਿੱਚ ਰਿਹਾ ਸੀ। ਛੇਤੀ ਹੀ ਪਿੱਛੋਂ ਸਰਾਭਾ ਅਤੇ ਪਿੰਗਲੇ ਉਸ ਨਾਲ ਕਲਕੱਤੇ ਗਏ। ਉੱਥੇ ਉਨ੍ਹਾਂ ਨੂੰ ਜਾਣਕਾਰੀ ਮਿਲੀ ਕਿ ਉਨ੍ਹਾਂ ਦੀ ਯੋਜਨਾ ਵਿੱਚ ਰਾਸ ਬਿਹਾਰੀ ਬੋਸ ਸਹਾਇਕ ਹੋ ਸਕਦਾ ਹੈ, ਤਾਂ ਕਲਕੱਤੇ ਤੋਂ ਸ਼ਚਿੰਦਰ ਨਾਥ, ਸਾਨਿਆਲ ਅਤੇ ਕੁਝ ਹੋਰ ਇਨਕਲਾਬੀਆਂ ਦੀ ਮਦਦ ਨਾਲ ਉਨ੍ਹਾਂ ਨੇ ਬਨਾਰਸ ਵਿੱਚ ਰਾਸ ਬਿਹਾਰੀ ਬੋਸ ਨਾਲ ਸੰਪਰਕ ਬਣਾਇਆ। ਉਨ੍ਹਾਂ ਵੱਲੋਂ ਗ਼ਦਰੀ ਯੋਜਨਾ ਸਪਸ਼ਟ ਕੀਤੇ ਜਾਣ ਉੱਤੇ ਰਾਸ ਬਿਹਾਰੀ ਬੋਸ ਨੇ ਪੰਜਾਬ ਆ ਕੇ ਗ਼ਦਰੀਆਂ ਨਾਲ ਕੰਮ ਕਰਨ ਦੀ ਸਹਿਮਤੀ ਦਿੱਤੀ। ਬੋਸ ਨੇ ਪੰਜਾਬ ਆਉਣ ਤੋਂ ਪਹਿਲਾਂ ਸਾਰੀ ਸਥਿਤੀ ਦਾ ਜਾਇਜ਼ਾ ਲੈਣ ਵਾਸਤੇ ਸ੍ਰੀ ਸਾਨਿਆਲ ਨੂੰ ਉਨ੍ਹਾਂ ਨਾਲ ਭੇਜਿਆ। ਜਦ ਸਾਨਿਆਲ ਨੇ ਵਾਪਸ ਆ ਕੇ ਸਹੀ ਰਿਪੋਰਟ ਦਿੱਤੀ ਤਾਂ ਉਹ ਪੰਜਾਬ ਆਇਆ। ਪਹਿਲਾਂ ਦੋ ਕੁ ਹਫ਼ਤੇ ਅੰਮ੍ਰਿਤਸਰ ਵਿਚ ਰਿਹਾ ਅਤੇ ਫਿਰ ਲਾਹੌਰ ਵਿਚ ਰਹਿ ਕੇ ਗ਼ਦਰੀਆਂ ਨਾਲ ਮੀਟਿੰਗਾਂ ਕਰਦਾ ਰਿਹਾ। ਗ਼ਦਰ ਦੀ ਯੋਜਨਾ ਉਸ ਦੀ ਸਲਾਹ ਨਾਲ ਬਣਾਈ ਗਈ। ਪਿੰਗਲੇ ਉਸ ਦਾ ਵਿਸ਼ਵਾਸ ਪਾਤਰ ਸੀ ਜੋ ਉਸ ਲਈ ਸਾਰਾ ਪ੍ਰਬੰਧ ਕਰਦਾ ਸੀ।

ਗ਼ਦਰ ਯੋਜਨਾ ਨੂੰ ਅਮਲ ਵਿਚ ਲਿਆਉਣ ਲਈ ਲੋੜੀਂਦੇ ਧਨ ਦੀ ਪ੍ਰਾਪਤੀ ਵਾਸਤੇ ਗ਼ਦਰੀਆਂ ਨੂੰ ਮਜਬੂਰੀਵੱਸ ਕੁਝ ਡਾਕੇ ਮਾਰਨੇ ਪਏ ਤਾਂ ਪਿੰਗਲੇ ਇਨ੍ਹਾਂ ਵਾਰਦਾਤਾਂ ਵਿਚ ਵੀ ਸ਼ਾਮਲ ਹੋਇਆ।

ਲਾਹੌਰ, ਫਿਰੋਜ਼ਪੁਰ, ਬਨਾਰਸ, ਆਗਰਾ, ਕਾਨਪੁਰ, ਅਲਾਹਾਬਾਦ, ਫੈਜ਼ਾਬਾਦ, ਮੇਰਠ ਆਦਿ ਛਾਉਣੀਆਂ ਵਿਚ ਪੰਜਾਬੀ ਸੈਨਿਕਾਂ ਨਾਲ ਤਾਲ ਮੇਲ ਬਿਠਾਉਣ ਵਿਚ ਪਿੰਗਲੇ ਨੇ ਮੋਹਰੀ ਭੂਮਿਕਾ ਨਿਭਾਈ। ਉਹ ਕਦੇ ਬੰਗਾਲੀ ਪਿਛੋਕੜ ਵਾਲਾ ਸ਼ਾਮ ਲਾਲੇ ਬਣ ਜਾਂਦਾ ਅਤੇ ਕਦੇ ਪੰਜਾਬੀ ਦਲਪਤ ਸਿੰਘ ਜਾਂ ਜਿੰਦਾ ਸਿੰਘ ਸੈਨਿਕਾਂ ਨੂੰ ਗ਼ਦਰ ਲਈ ਤਿਆਰ ਕਰਨ ਵਾਸਤੇ ਉਹ ਗ਼ਦਰ ਦੀ ਗੂੰਜ ਅਤੇ 'ਐਲਾਨ-ਏ-ਜੰਗ' ਕਿਤਾਬਚੇ ਪੜ੍ਹਨ ਲਈ ਦਿੰਦਾ ਅਤੇ ਗ਼ਦਰ ਦਾ ਪ੍ਰਤੀਕ ਗ਼ਦਰੀ ਝੰਡੇ ਨਿਸ਼ਾਨੀ ਵਜੋਂ ਰੱਖਣ ਲਈ ਦਿੰਦਾ। ਕਰਤਾਰ ਸਿੰਘ ਸਰਾਭਾ ਨੇ ਤਾਲ-ਮੇਲ ਕਰ ਕੇ ਲੁਧਿਆਣੇ ਦੇ ਸਕੂਲੀ ਵਿਦਿਆਰਥੀਆਂ ਦੀ ਇਕ ਟੋਲੀ ਨੂੰ ਗ਼ਦਰੀ ਕਾਰਵਾਈਆਂ ਵਿਚ ਸਰਗਰਮ ਕਰ ਲਿਆ ਤਾਂ ਪਿੰਗਲੇ ਵੀ ਉਨ੍ਹਾਂ ਕੋਲ ਆਉਣ-ਜਾਣ ਲੱਗਿਆ। ਜਨਵਰੀ 1915 ਵਿਚ ਪਿੰਗਲੇ ਨੇ ਇਹ ਸਮੱਗਰੀ ਮੇਰਠ ਛਾਉਣੀ ਵਿਚ ਪਹੁੰਚਾਉਣ ਵਾਸਤੇ ਇਸਲਾਮੀਆ ਸਕੂਲ ਦੇ ਵਿਦਿਆਰਥੀ ਸੂਰਤੀ ਸਿੰਘ ਦੀ ਮਦਦ ਲਈ। ਸੂਰਤੀ ਸਿੰਘ ਨੂੰ ਦੱਸਿਆ ਗਿਆ ਕਿ ਜਦ ਮੇਰਠ ਸਟੇਸ਼ਨ ਉੱਤੇ ਉਸ ਨੂੰ ਈਸ਼ਰ ਸਿੰਘ, ਸਵਾਰ, ਮਿਲੇ ਤਾਂ ਉਸ ਨੂੰ ਪ੍ਰਸ਼ਨ ਕਰੇ ਕਿ ਉਸ ਨੂੰ ਪੁਲ ਉੱਤੇ ਕੌਣ ਮਿਲਿਆ ਸੀ? ਜੇਕਰ ਉਸ ਦਾ ਉੱਤਰ ਹੋਵੇ 'ਕਰਤਾਰ ਸਿੰਘ' ਤਾਂ ਉਹ ਸਹੀ ਆਦਮੀ ਹੋਵੇਗਾ ਅਤੇ ਸਮੱਗਰੀ ਉਸ ਦੇ ਹਵਾਲੇ ਕਰ ਦਿੱਤੀ ਜਾਵੇ। ਮੇਰਠ ਛਾਉਣੀ ਵਿਚ ਬਾਰ੍ਹਵੇਂ ਰਸਾਲੇ ਦਾ, ਜਮਾਦਾਰ ਨਾਦਰ ਖਾਂ, ਬਿਗਲਵਾਦਕ ਅਮਰ ਸਿੰਘ ਆਦਿ ਪਿੰਗਲੇ ਦੇ ਸੰਪਰਕ ਵਿਚ ਸਨ ਜਿਨ੍ਹਾਂ ਦੀ ਮਦਦ ਨਾਲ ਉਸ ਨੇ ਹੋਰ ਛਾਉਣੀਆਂ ਵਿਚ ਵੀ ਸੈੱਲ ਬਣਾ ਲਏ। ਇਸ ਸੈਨਿਕ ਟੋਲੀ ਨਾਲ ਉਹ ਏਨਾ ਘੁਲ-ਮਿਲ ਗਿਆ ਸੀ ਕਿ ਉਸ ਨੇ ਉਨ੍ਹਾਂ ਨੂੰ ਬੰਬ ਬਣਾਉਣ ਦਾ ਤਰੀਕਾ ਆਪਣੇ ਹੱਥ ਨਾਲ ਲਿਖ ਕੇ ਦਿੱਤਾ। ਪਿੰਗਲੇ ਨੇ ਮੇਰਠ ਤੱਕ ਸੂਰਤੀ ਸਿੰਘ ਨਾਲ ਸਫ਼ਰ ਕੀਤਾ ਅਤੇ ਉਸ ਨੂੰ ਉਤਾਰ ਕੇ ਆਪ ਅੱਗੇ ਦਿੱਲੀ ਚਲਾ ਗਿਆ ਜਿੱਥੇ ਉਸ ਨੇ ਰਾਸ ਬਿਹਾਰੀ ਬੋਸ ਨੂੰ ਮਿਲਣਾ ਸੀ। ਉਸ ਨੇ ਬਨਾਰਸ ਤੋਂ ਚੋਖਾ ਗੋਲੀ ਸਿੱਕਾ ਗਦਰੀਆਂ ਵਾਸਤੇ ਅੰਮ੍ਰਿਤਸਰ ਭੇਜਿਆ। ਪੰਜਾਬ ਦੀਆਂ ਫ਼ੌਜੀ ਛਾਉਣੀਆਂ ਵਿਚ ਵਿਦਰੋਹ ਕਰ ਕੇ ਗ਼ਦਰ ਦੀ ਸ਼ੁਰੂਆਤ ਕਰਨ ਵਾਸਤੇ 21 ਫਰਵਰੀ 1915 ਦਾ ਦਿਨ ਮਿਥਿਆ ਗਿਆ, ਪਰ ਇਹ ਭੇਤ ਨਿਕਲ ਜਾਣ ਉੱਤੇ ਮਿਤੀ 19 ਫਰਵਰੀ ਨਿਸ਼ਚਿਤ ਕੀਤੀ ਗਈ। ਪਰ ਮੁਖ਼ਬਰ ਨੇ ਇਸ ਦੀ ਸੂਚਨਾ ਵੀ ਸਰਕਾਰ ਨੂੰ ਦੇ ਦਿੱਤੀ। ਨਤੀਜੇ ਵਜੋਂ ਗ੍ਰਿਫ਼ਤਾਰੀਆਂ ਸ਼ੁਰੂ ਹੋਈਆਂ ਅਤੇ ਦਿਨਾਂ ਵਿਚ ਹੀ ਬਹੁਤ ਸਾਰੇ ਗ਼ਦਰੀ ਆਗੂ ਪੁਲੀਸ ਨੇ ਕਾਬੂ ਕਰ ਲਏ। ਕੇਵਲ ਗਿਣਤੀ ਦੇ ਆਗੂ ਜਿਨ੍ਹਾਂ ਵਿਚ ਕਰਤਾਰ ਸਿੰਘ ਸਰਾਭਾ, ਰਾਸ ਬਿਹਾਰੀ ਬੋਸ, ਪਿੰਗਲੇ ਆਦਿ ਸਨ, ਬਚੇ ਪਰ ਇਹ ਸਾਰੇ ਥਾਂ ਥਾਂ ਖਿੰਡੇ ਹੋਏ ਸਨ। ਜਿਸ ਕਾਰਨ ਆਪਸੀ ਤਾਲਮੇਲ ਨਾ ਰਿਹਾ। ਗ਼ਦਰ ਦੇ ਪਹਿਲੇ ਯਤਨ ਦੀ ਅਸਫ਼ਲਤਾ, ਸਾਥੀਆਂ

ਦੀ ਗ੍ਰਿਫ਼ਤਾਰੀ, ਸਹਿਯੋਗੀਆਂ ਦੀ ਘਾਟ ਦੇ ਬਾਵਜੂਦ ਪਿੰਗਲੇ ਨੇ ਮਿੱਥੇ ਨਿਸ਼ਾਨੇ ਦੀ ਪ੍ਰਾਪਤੀ ਲਈ ਕੰਮ ਵਿਚ ਢਿੱਲ ਨਹੀਂ ਆਉਣ ਦਿੱਤੀ। ਉਹ ਛਾਉਣੀਆਂ ਵਿਚ ਜਾ ਕੇ ਸੈਨਿਕਾਂ ਨੂੰ ਨਵਾਂ ਹੰਭਲਾ ਮਾਰਨ ਲਈ ਤਿਆਰ ਕਰਦਾ ਰਿਹਾ। ਗ਼ਦਰ ਦੀ ਅਸਫ਼ਲਤਾ ਕਾਰਨ ਸੈਨਿਕਾਂ ਵਿੱਚ ਬੇਦਿਲੀ ਆ ਗਈ ਅਤੇ ਉਨ੍ਹਾਂ ਵਿਚ ਵੀ ਮੁਖ਼ਬਰ ਪੈਦਾ ਹੋ ਗਏ। ਅਜਿਹੇ ਹੀ ਇਕ ਮੁਖ਼ਬਰ ਵੱਲੋਂ ਸੂਹ ਦਿੱਤੇ ਜਾਣ ਉੱਤੇ ਪਿੰਗਲੇ 23 ਅਤੇ 24 ਮਾਰਚ 1915 ਦੀ ਵਿਚਕਰਲੀ ਰਾਤ ਨੂੰ ਮੇਰਠ ਵਿਚ 12ਵੇਂ ਰਸਾਲੇ ਵਿੱਚ ਗ਼ਦਰ ਦਾ ਪ੍ਰਚਾਰ ਕਰਦਾ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲੀਸ ਨੇ ਉਸ ਦੇ ਕਬਜ਼ੇ ਵਿਚੋਂ 10 ਬੰਬ ਪ੍ਰਾਪਤ ਕੀਤੇ। ਮੇਰਠ ਛਾਉਣੀ ਵਿਚ ਸੈਨਿਕਾਂ ਨੂੰ ਗ਼ਦਰ ਯੋਜਨਾ ਨਾਲ ਜੋੜਨ ਵਿਚ ਉਸ ਦੀ ਸਫ਼ਲਤਾ ਦੀ ਪੁਸ਼ਟੀ ਇਸ ਤੱਥ ਤੋਂ ਹੁੰਦੀ ਹੈ ਕਿ ਸੈਨਿਕ ਅਧਿਕਾਰੀਆਂ ਨੇ ਇਸ ਛਾਉਣੀ ਦੇ ਚਾਰ ਸਿੱਖ ਸੈਨਿਕਾਂ ਨੂੰ ਗ਼ਦਰ-ਸਹਿਯੋਗੀ ਹੋਣ ਦੇ ਦੋਸ਼ ਵਿਚ ਫਾਂਸੀ ਦੀ ਸਜ਼ਾ ਦਿੱਤੀ। ਬਰਤਾਨਵੀ ਹਿੰਦੋਸਤਾਨ ਦੀ ਸਰਕਾਰ ਦੇ ਖ਼ੁਫ਼ੀਆ ਮਹਿਕਮੇ ਦੇ ਦੋ ਅਧਿਕਾਰੀਆਂ ਆਈਸਮੌਂਗਰ ਅਤੇ ਸਲੇਟਰੀ ਦੁਆਰਾ ਲਿਖੀ ਗ਼ਦਰ ਸਾਜ਼ਿਸ਼ ਰਿਪੋਰਟ ਵਿਚ ਪਿੰਗਲੇ ਨੂੰ ਗ਼ਦਰ ਲਹਿਰ ਦਾ ਮਹੱਤਵਪੂਰਨ ਆਗੂ ਮੰਨਿਆ ਗਿਆ ਹੈ। ਮੁਕੱਦਮੇ ਦੀ ਸੁਣਵਾਈ ਕਰਨ ਵਾਲੇ ਵਿਸ਼ੇਸ਼ ਟ੍ਰਿਬਿਊਨਲ ਨੇ ਗ਼ਦਰੀ ਯੋਜਨਾ ਵਿੱਚ ਉਸ ਦੇ ਮਹੱਤਵਪੂਰਨ ਯੋਗਦਾਨ ਦੀ ਪੁਸ਼ਟੀ ਕਰਦਿਆਂ ਲਿਖਿਆ: "ਇਹ ਅਤਿਅੰਤ ਅਫ਼ਸੋਸਨਾਕ ਹੈ। ਕਿ ਦੋਸ਼ੀ ਵਰਗੀ ਯੋਗਤਾ ਵਾਲਾ ਨੌਜਵਾਨ, ਜੋ ਆਪਣੀ ਜ਼ਿੰਦਗੀ ਵਿਚ ਸਫ਼ਲਤਾ ਦੀ ਪ੍ਰਾਪਤੀ ਅਤੇ ਮੁਲਕ ਲਈ ਸੇਵਾ ਕਰ ਸਕਦਾ ਸੀ, ਆਪ ਗ਼ਦਰੀਆਂ ਦੇ ਟੋਲੇ ਵਿਚ ਸ਼ਾਮਲ ਹੋ ਗਿਆ।" ਵਿਸ਼ੇਸ਼ ਟ੍ਰਿਬਿਊਨਲ ਨੇ ਉਸ ਨੂੰ ਮੌਤ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ। ਨਤੀਜੇ ਵਜੋਂ ਜਦ 16 ਨਵੰਬਰ 1915 ਨੂੰ ਛੇ ਪੰਜਾਬੀ ਗ਼ਦਰੀਆਂ ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ ਤਾਂ ਬੰਬਈ ਪ੍ਰਾਂਤ ਦਾ ਜੰਮਪਲ ਮਰਾਠਾ ਵਿਸ਼ਨੂੰ ਗਣੇਸ਼ ਪਿੰਗਲੇ ਵੀ ਉਨ੍ਹਾਂ ਦਾ ਹਮਰਾਹ ਸੀ। - ਗਿਆਨੀ ਹਰਭਜਨ ਸਿੰਘ ਚਮਿੰਡਾ, ਜਿਸ ਨੂੰ ਲਾਹੌਰ ਸਾਜ਼ਿਸ਼ ਪੂਰਕ ਮੁਕੱਦਮੇ ਵਿਚ ਉਮਰ ਕੈਦ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਹੋਈ ਸੀ, ਨੇ ਲਗਭਗ ਸਵਾ ਸੌ ਦੇਸ਼ਭਗਤਾਂ ਬਾਰੇ ਸੰਖੇਪ ਕਾਵਿ-ਸ਼ਰਧਾਂਜਲੀਆਂ ਲਿਖੀਆਂ ਹਨ। ਗਿਆਨੀ ਜੀ ਵੱਲੋਂ ਸ਼ਹੀਦ ਪਿੰਗਲੇ ਬਾਰੇ ਲਿਖੀਆਂ ਪੰਕਤੀਆਂ ਇਉਂ ਹਨ:

ਸੁੰਦਰ ਸ਼ਕਲ ਤੇ ਨਾਲ ਹੀ ਅਕਾਲ ਪੁਰੀ,
ਅਪਸਰ ਦੇਖ ਕੇ ਜੀਹਨੂੰ ਹੈਰਾਨ ਸਾਥੀ।
ਹੀਰਾ ਹਿੰਦ ਦਾ, ਦੌਲਤ ਮਾਪਿਆਂ ਦੀ,
ਗਿਆ ਮੁਲਕ ਦਾ ਬਣ ਈਮਾਨ ਸਾਥੀ।
ਕਿਹਾ ਪੁਲਸੀਆਂ "ਪਿੰਗਲੇ ਹੋਸ਼ ਕਰ ਤੂੰ,
ਕਾਹਨੂੰ ਰੋਲਦੋਂ ਆਪਣੀ ਜਾਨ ਸਾਥੀ।"
ਭਲਾ ਜਾਨ ਦੀ ਕੀ ਪ੍ਰਵਾਹ ਓਤੇ,
ਜੀਹਦੇ ਸਾਹਮਣੇ ਦੇਸ਼ ਦਾ ਮਾਣ ਸਾਥੀ।

...........ਬਾਕੀ ਸਫ਼ਾ 16 ਦੀ

## ਸਤਿਗੁਰੂ ਜਗਜੀਤ ਸਿੰਘ ਜੀ.....

ਸਤਿਗੁਰੂ ਉਦੇ ਸਿੰਘ ਜੀ ਪਾਤਸ਼ਾਹ ਜੀ ਦੀ ਉਸ ਕਿਰਪਾ ਬਾਰੇ ਇਸ ਪ੍ਰਕਾਰ ਉਪਦੇਸ਼ ਕਰਦੇ ਹਨ।

ਇਸ ਤਰ੍ਹਾਂ ਦੀ ਇੱਕ ਛੋਟੀ ਜਿਹੀ ਘਟਨਾ ਮੈਂ ਹੋਰ ਦੱਸਦਾ ਹਾਂ ਕਿ ਸੱਚੇ ਪਾਤਸ਼ਾਹ ਜੀ ਨੇ ਬੰਗਲੌਰ ਵਿਖੇ ਬਹੁਤ ਕਿਰਪਾ ਕੀਤੀ। ਫਾਰਮ ਆਬਾਦ ਕੀਤਾ। ਮੇਰੇ ਤੋਂ ਵੀ ਸੇਵਾ ਲਈ। ਸਾਲ 1984-85 ਦੀ ਗੱਲ ਹੈ। ਅਸੀਂ ਉੱਥੇ ਅੰਗੂਰ ਲਗਾਏ। ਪਾਤਸ਼ਾਹ ਜੀ ਜੀਵਨ ਨਗਰ ਦੇ ਇਲਾਕੇ ਦੇ ਬਹੁਤ ਸਾਰੇ ਖਾਸ-ਖਾਸ ਸਿੱਖਾਂ ਨੂੰ ਨਾਲ ਲੈ ਕੇ ਗਏ। ਸਾਡੇ ਨਾਨਕਿਆਂ 'ਚੋਂ ਬਾਜੇਵਾਲਾ ਬਜ਼ੁਰਗ ਬਾਬਾ ਬਸੰਤ ਸਿੰਘ ਜੀ, ਬਾਬਾ ਸੰਤ ਸਿੰਘ ਜੀ, ਬਾਬਾ ਨਿਧਾਨ ਸਿੰਘ ਜੀ, ਸਰਦਾਰ ਮਹਿੰਦਰ ਸਿੰਘ ਬੱਲ, ਉਸਤਾਦ ਨੱਥਾ ਸਿੰਘ ਅਤੇ ਹੋਰ ਬਹੁਤ ਸਾਰੇ ਸਰੀਰਾਂ ਨੂੰ ਸਤਿਗੁਰੂ ਜੀ, ਬੰਗਲੌਰ ਬੜੀ ਖ਼ੁਸ਼ੀ ਨਾਲ, ਬੜੇ ਪਿਆਰ ਨਾਲ, ਬੜੇ ਚਾਅ ਨਾਲ, ਅੰਗੂਰ ਖਾਣ ਵਾਸਤੇ ਲੈ ਕੇ ਗਏ। ਉੱਥੇ ਲਿਜਾ ਕੇ ਸੱਚੇ ਪਾਤਸ਼ਾਹ ਜੀ ਨੇ ਸਾਰਿਆਂ ਨੂੰ ਅੰਗੂਰ ਵੰਡੇ ਸਾਰੇ ਬੜੇ ਖੁਸ਼ ਹੋਏ, ਅੰਗੂਰ ਬੜੇ ਸੋਹਣੇ ਆਏ ਹਨ ਸੱਚੇ ਪਾਤਸ਼ਾਹ ਜੀ ਨੇ ਉੱਥੇ ਬਚਨ ਕੀਤਾ।

ਸੱਚੇ ਪਾਤਸ਼ਾਹ ਜੀ ਨੇ ਜਾਣਿਆ ਕਿ ਇਹ ਮੈਂ ਨਹੀਂ ਕੀਤਾ ਮੇਰੇ ਤੋਂ ਸੱਚੇ ਪਾਤਸ਼ਾਹ ਜੀ ਨੇ ਕਰਵਾਇਆ।

ਇਸ ਪ੍ਰਕਾਰ ਸਤਿਗੁਰੂ ਜੀ ਆਪਣੇ ਸਮੇਂ ਵਿੱਚ ਸੰਗਤ ਦੇ ਹਿੱਤ ਅਨੇਕ ਕੌਤਕ ਕੀਤੇ ਅਤੇ ਸੰਸਾਰ ਦਾ ਮਾਰਗ ਦਰਸ਼ਨ ਕੀਤਾ। ਸਿੱਖਾਂ ਦੇ ਮਨਾਂ ਅੰਦਰ ਗੁਰਬਾਣੀ ਪ੍ਰਤੀ ਸ਼ਰਧਾ ਤੇ ਸਤਿਕਾਰ ਪੈਦਾ ਕਰਕੇ ਸਿੱਖਾਂ ਦਾ ਲੋਕ ਪ੍ਰਲੋਕ ਸੁਹੇਲਾ ਕਰਦੇ ਰਹੇ।

# ਅਲ ਵਿਦਾਅ !
# ਸ਼ਬਦ ਰਤਨ
# ਮਾ. ਅਮਰੀਕ ਸਿੰਘ ਜੀ



**ਸੁਵਰਨ ਸਿੰਘ ਵਿਰਕ**
**99963-71716**

ਆਪਣੀ ਉਮਰ ਦੇ 92 ਵਰ੍ਹੇ ਵਿੱਚ ਵੀ ਕਾਰਜਸ਼ੀਲ ਮਾਸਟਰ ਅਮਰੀਕ ਸਿੰਘ ਦੀ ਪਿਛਲੇ ਪਿੰਡ ਦੇ ਨਾਂ ਤੇ ਵਸਾਏ ਏਲਨਾਬਾਦ ਸ਼ਹਿਰ ਡੱਬਵਾਲੀ ਰੋਡ ਬਾਈਪਾਸ ਵਾਲੇ ਪੁਲ ਕੋਲ ਨਵਾਂ ਲਾਲੇਪੁਰ ਨਾਂ ਦੇ ਅਸਥਾਨ ਤੇ 21 ਨਵੰਬਰ 2021 ਦਿਨ ਐਤਵਾਰ ਸ਼ਾਮ ਛੇ ਵਜੇ ਆਪਣੇ ਘਰ ਵਿਖੇ ਜੀਵਨ ਯਾਤਰਾ ਸੰਪੂਰਨ ਕਰ ਗਏ ਹਨ। ਮਾਸਟਰ ਜੀ ਦਾ ਪਿਛੋਕੜ ਅਜੋਕੇ ਪਾਕਿਸਤਾਨ ਦੇ ਪੰਜਾਬ ਪ੍ਰਾਂਤ ਜ਼ਿਲ੍ਹਾ ਗੁੱਜਰਾਂਵਾਲਾ ਦਾ ਪਿੰਡ ਲਾਲੇਪੁਰ ਸੀ। ਉਨ੍ਹਾਂ ਦੇ ਦਾਦਾ ਸੰਤ ਈਸ਼ਰ ਸਿੰਘ ਜੀ ਉੱਚੀ ਬਿਰਤੀ ਵਾਲੇ ਨਾਮਧਾਰੀ ਸਾਧੂ ਸਨ, ਜਿਨ੍ਹਾਂ ਦੇ ਸਪੁੱਤਰ ਕਰਤਾਰ ਸਿੰਘ ਅਤੇ ਨੂੰਹ ਬੀਬੀ ਲਾਭ ਕੌਰ ਦੇ ਘਰ 1929 ਈ. ਵਿੱਚ ਅਮਰੀਕ ਸਿੰਘ ਦਾ ਜਨਮ ਹੋਇਆ। ਬੀਬੀ ਲਾਭ ਕੌਰ ਉਸੇ ਜ਼ਿਲ੍ਹੇ ਦੇ ਪਿੰਡ ਹਿੰਦੂ ਚੱਕ ਦੇ ਉੱਘੇ ਨਾਮਧਾਰੀ ਸਾਹਿਤਕਾਰ ਇਤਿਹਾਸ ਲੇਖਕ ਅਤੇ ਕਵੀ ਸੰਤ ਤਰਨ ਸਿੰਘ ਵਹਿਮੀ ਦੀ ਭੈਣ ਸੀ। ਇਉਂ ਨਾਮਧਾਰੀ ਪੁਣੇ ਦੀ ਪੁਖਤਾ ਵਿਰਾਸਤ ਅਮਰੀਕ ਸਿੰਘ ਹੋਰਾਂ ਨੂੰ ਨਾਨਕਿਆਂ ਅਤੇ ਦਾਦਕਿਆਂ ਵੱਲੋਂ ਪ੍ਰਾਪਤ ਹੋਈ ਅਤੇ ਇਸੇ ਰੰਗ ਵਿੱਚ ਉਹ ਤਾਅ ਉਮਰ ਰੰਗੇ ਰਹੇ। ਸਾਹਿਤਕ ਵਿਰਾਸਤ ਉਨ੍ਹਾਂ ਨੂੰ ਆਪਣੇ ਮਾਮੇ ਸੰਤ ਤਰਨ ਸਿੰਘ ਵਹਿਮੀ ਤੋਂ ਮਿਲੀ। ਇਸੇ ਲਈ ਵਹਿਮੀ ਜੀ ਵਾਗੂੰ ਹੀ ਉਹ ਵੀ ਜੀਵਨ ਦੇ ਅੰਤਿਮ ਪਲਾਂ ਤੱਕ ਸਾਹਿਤ ਦੇ ਪਠਨ ਪਾਠਨ ਤੇ ਸਿਰਜਣ ਨਾਲ ਜੁੜੇ ਰਹੇ। ਉਨ੍ਹਾਂ ਨੇ ਦੋ ਦਰਜਨ ਪੁਸਤਕਾਂ ਦੀ ਰਚਨਾ ਕੀਤੀ ਕੁਝ ਪੁਸਤਕਾਂ ਤਾਂ ਵੱਡ ਅਕਾਰੀ ਗ੍ਰੰਥ ਹਨ ਰਮਾਇਣ, ਮਹਾਂਭਾਰਤ ਆਦਿ ਮਾਸਟਰ ਜੀ ਬਹੁਤ ਵਧੀਆ ਕਵੀ, ਗੀਤਕਾਰ, ਗਜ਼ਲਗੋ ਦੋਹਾ ਸਿਰਜਕ ਅਤੇ ਕਈ ਮਹਾਂ ਕਾਵਿ ਲਿਖਣ ਵਾਲੇ ਮਹਾਂ ਕਵੀ ਸਨ। ਸਤਿਗੁਰੂ ਜੀ ਦੀ ਸਿਫ਼ਤ ਸਲਾਹ ਵਿੱਚ ਲਿਖੇ ਉਨ੍ਹਾਂ ਦੇ ਗੀਤ ਬਹੁਤ ਮਕਬੂਲ ਹੋਏ ਜਿਨ੍ਹਾਂ ਨੂੰ ਸੰਗਤ ਉੱਚ ਕੋਟੀ ਦੇ ਸੰਗੀਤਕਾਰਾਂ ਤੋਂ ਅਕਸਰ ਸੁਣਿਆ ਕਰਦੀ ਹੈ। ਦੇਸ਼ ਦੇ ਬਟਵਾਰੇ ਤੋਂ ਬਾਅਦ ਆਪ ਦਾ ਪਰਿਵਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮਾਂ ਅਨੁਸਾਰ ਉਦੋਂ ਦੇ ਹਿਸਾਰ ਜ਼ਿਲ੍ਹੇ ਦੀ ਸਿਰਸਾ ਤਹਿਸੀਲ ਵਿੱਚ ਨਵੇਂ ਖ਼ਰੀਦੇ ਅਤੇ ਨਾਮਧਾਰੀਆਂ ਲਈ ਰਾਖਵੇਂ ਪਿੰਡਾਂ ਵਿੱਚੋਂ ਇੱਕ ਪਿੰਡ ਅੰਮ੍ਰਿਤਸਰ ਕਲਾਂ ਵਿਚ ਆ ਵਸਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਮਾਸਟਰ ਜੀ ਨੇ ਬੰਜਰ ਜ਼ਮੀਨਾਂ ਟਿੱਬੇ ਆਦਿ ਆਬਾਦ ਕਰਨ ਲਈ ਬੜੇ ਸਾਲ ਟਰੈਕਟਰ ਚਲਾਉਣ ਦੀ ਸੇਵਾ ਕੀਤੀ ਅਤੇ ਖੁਸ਼ੀਆਂ ਲਈਆਂ। ਉਨ੍ਹਾਂ ਦੀ ਵਿੱਦਿਅਕ ਯੋਗਤਾ ਮੈਟ੍ਰਿਕ ਅਤੇ ਗਿਆਨੀ ਸੀ। ਇਸ ਲਈ ਉਨ੍ਹਾਂ ਨਵੇਂ ਬਣੇ ਸ੍ਰੀ ਗੁਰੂ ਹਰੀ ਸਿੰਘ ਮਹਾਂਵਿਦਿਆਲਿਆ ਵਿੱਚ ਅਧਿਆਪਕ ਦੀ ਸੇਵਾ ਇੱਕੀ ਸਾਲ ਨਿਭਾਈ ਫਿਰ ਨਵੇਂ ਬਣੇ ਕਾਲਜ ਅਤੇ ਸਕੂਲ ਕਮੇਟੀ ਦੇ ਮੈਨੇਜਰ ਦੀ ਸੇਵਾ ਵੀ ਕੋਈ ਦਸ ਵਰ੍ਹੇ ਕਰਦੇ ਰਹੇ। ਅੰਮ੍ਰਿਤਸਰ ਕਲਾਂ ਤੋਂ ਐਲਨਾਬਾਦ ਆਏ ਤਾਂ ਏਥੇ ਅਨੁਪਮ ਪਬਲਿਕ ਸਕੂਲ ਦੀ ਸਰਪ੍ਰਸਤੀ ਕੀਤੀ ਹੁਣ ਬੇਸ਼ੱਕ ਉਹ ਸੇਵਾਮੁਕਤ ਸਨ ਪਰ ਸਾਹਿਤ ਰਚਨਾ ਵੱਲੋਂ ਮੁਕਤ ਨਹੀਂ ਸਨ। ਐਤਕੀਂ ਅੱਸੂ ਦੇ ਮੇਲੇ ਤੇ ਸ੍ਰੀ ਭੈਣੀ ਸਾਹਿਬ ਉਨ੍ਹਾਂ ਨੇ ਆਪਣੀ ਸੱਜਰੀ ਕਾਵਿ ਰਚਨਾ 'ਸ਼ਬਦ ਰਤਨ' ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤੀ ਸੀ। ਉਨ੍ਹਾਂ ਦੀਆਂ ਪਹਿਲੀਆਂ ਕਾਵਿ ਰਚਨਾਵਾਂ 'ਪੰਖੜੀਆਂ' ਸਾਂਝੇ ਸੰਗ੍ਰਹਿ ਵਿੱਚ ਕੋਈ ਪੰਜਾਹ ਸਾਲ ਪਹਿਲਾਂ ਛਪੀਆਂ ਸਨ। ਉਸ ਤੋਂ ਕੁਝ ਸਾਲ ਪਹਿਲਾਂ ਸੰਤ ਤਰਨ ਸਿੰਘ ਵਹਿਮੀ ਅਤੇ ਸ੍ਰੀ ਪ੍ਰੀਤਮ ਸਿੰਘ ਕਵੀ ਹੋਰਾਂ ਦੇ ਉੱਦਮ ਨਾਲ ਨਾਮਧਾਰੀ ਸਾਹਿਤ ਸਭਾ ਜੀਵਨ ਨਗਰ ਦਾ ਗਠਨ ਹੋਇਆ ਸੀ ਜਿਸ ਦੇ ਪਹਿਲੇ ਪੂਰ ਦੇ ਲੇਖਕਾਂ ਸ਼ਾਇਰਾਂ ਵਿਚ ਮਾਸਟਰ ਜੀ ਸ਼ਾਮਲ ਸਨ। ਉਸ ਤੋਂ ਬਾਅਦ ਚੱਲ ਸੋ

ਚੱਲ ਨਾਮਧਾਰੀ ਹੋਲੇ ਮਹੱਲੇ ਅਤੇ ਅਨੇਕ ਪਿੰਡਾਂ ਕਸਬਿਆਂ ਵਿੱਚ ਮਾਸਟਰ ਜੀ ਕਵਿਤਾਵਾਂ ਸੁਣਾਉਂਦੇ ਰਹੇ।

ਮਾਸਟਰ ਜੀ ਦਾ ਆਨੰਦ ਕਾਰਜ ਹਿੰਦੂ ਚੱਕ ਦੀ ਬੀਬੀ ਮਹਿੰਦਰ ਕੌਰ ਨਾਲ ਹੋਇਆ ਜੋ ਪਰਿਵਾਰ ਪਹਿਲਾਂ ਪਟਿਆਲੇ ਪਾਸ ਅਤੇ ਹੁਣ ਭੜੋਲਿਆਂਵਾਲੀ ਸਿਰਸਾ ਰਹਿੰਦਾ ਹੈ। ਮਾਸਟਰ ਜੀ ਦੇ ਤਿੰਨ ਲੜਕੇ ਅਤੇ ਦੋ ਲੜਕੀਆਂ ਹਨ। ਅਮੋਲਕ ਸਿੰਘ ਕਾਰੋਬਾਰੀ ਹੈ ਤੇ ਮੁਹਾਲੀ ਰਹਿੰਦਾ ਹੈ ਅਵਨਿੰਦਰ ਸਿੰਘ ਹਰਿਆਣਾ ਰੋਡਵੇਜ ਵਿੱਚ ਨੌਕਰੀ ਕਰਦਾ ਹੈ ਅਤੇ ਮੰਗਲ ਸਿੰਘ ਸੈਨਾ ਤੋਂ ਸੇਵਾਮੁਕਤ ਹੋਇਆ ਹੈ ਵੱਡੀ ਬੀਬੀ ਚਰਨਜੀਤ ਕੌਰ ਬੁੱਢੀਮਾੜੀ ਖੰਗੂੜਾ ਪਰਿਵਾਰ ਵਿੱਚ ਹੈ ਅਤੇ ਛੋਟੀ ਸਵਰਨ ਕੌਰ ਸੁਨਾਮ ਵਿਆਹੀ ਹੈ। ਮਾਸਟਰ ਜੀ ਦੇ ਕ੍ਰਮਵਾਰ ਮਾਨ ਸਿੰਘ, ਜਥੇਦਾਰ ਸੁਦਰਸ਼ਨ ਸਿੰਘ ਅਤੇ ਸੁਰਜੀਤ ਸਿੰਘ ਤਿੰਨ ਭਾਈ ਸਨ। ਜੀਵਤ ਇਸ ਸਮੇਂ ਜਥੇਦਾਰ ਜੀ ਹਨ। ਆਪ ਦੀ ਇੱਕ ਭੈਣ ਬੀਬੀ ਸਿਮਰਨ ਜੀਤ ਕੌਰ ਸਵਰਨ ਸਿੰਘ ਭਿੰਡਰ ਪ੍ਰਤਾਪ ਨਗਰ ਸਿਰਸਾ ਨਾਲ ਪਰਨਾਈ ਗਈ ਸੀ। ਮਾਸਟਰ ਜੀ ਦੀ ਸ਼ਬਦਾਵਲੀ ਰਸ ਭਰਪੂਰ ਮੁਹਾਵਰੇਦਾਰ ਅਤੇ ਸ਼ੈਲੀ ਦਿਲਾਂ ਨੂੰ ਧੂਹ ਪਾਉਣ ਵਾਲੀ ਹੈ। ਉਨ੍ਹਾਂ ਦੇ ਗੀਤਾਂ ਕਵਿਤਾਵਾਂ ਦੀਆਂ ਤੁਕਾਂ ਸਹਿਜ ਸੁਭਾਅ ਮੂੰਹ ਤੇ ਚੜ੍ਹ ਜਾਂਦੀਆਂ ਹਨ। ਉਨ੍ਹਾਂ ਨੇ ਸਤਿਜੁਗ, ਨਵਾਂ ਹਿੰਦੋਸਤਾਨ, ਵਰਤਮਾਨ ਹਿੰਦੁਸਤਾਨ, ਵਰਿਆਮ, ਸ਼ਬਦ ਬੂੰਦ ਆਦਿ ਅਨੇਕ ਸਾਹਿਤਕ ਪਰਚਿਆਂ ਲਈ ਲਗਾਤਾਰ ਵਰ੍ਹਿਆਂ ਬੱਧੀ ਭਰਪੂਰ ਸਾਹਿਤਕ ਸਹਿਯੋਗ ਦਿੱਤਾ। ਉਨ੍ਹਾਂ ਨੂੰ ਬਹੁਤ ਸਾਰੇ ਲੇਖਕ ਸੰਗਠਨਾਂ ਦੀਆਂ ਅਹੁਦੇਦਾਰੀਆਂ ਅਤੇ ਮਾਣ ਸਨਮਾਨ ਵੀ ਮਿਲੇ। ਹਰਿਆਣਾ ਪੰਜਾਬ ਸਾਹਿਤ ਅਕੈਡਮੀ ਨੇ ਉਨ੍ਹਾਂ ਨੂੰ ਆਪਣੇ ਸ਼੍ਰੋਮਣੀ ਸਨਮਾਨ ਹਰਿਆਣਾ ਪੰਜਾਬੀ ਗੌਰਵ ਨਾਲ ਨਿਵਾਜਿਆ। ਉਹ ਆਪਣੇ ਪਾਕਿਸਤਾਨੀ ਸਫ਼ਰਨਾਮੇ ਵਿੱਚ ਸ਼ਾਨਦਾਰ ਵਾਰਤਕ ਲੇਖਕ ਜਿਉਂ ਸਾਹਮਣੇ ਆਉਂਦੇ ਹਨ।



ਮਾਸਟਰ ਜੀ ਬਹੁਤ ਕਿਰਿਆਸ਼ੀਲ ਸਨ। ਇਸਦਾ ਪਤਾ ਬਹੁਤ ਲੰਮੀ ਉਮਰ ਵਿੱਚ ਵੀ ਇਲਾਕੇ ਦੇ ਲੋਕਾਂ ਦੇ ਦੁੱਖ ਸੁਖ ਵਿਚ ਸਦਾ ਸ਼ਾਮਲ ਹੋਣ ਤੋਂ ਲੱਗਦਾ ਹੈ। 7 ਨਵੰਬਰ ਬਾਅਦ ਦੁਪਹਿਰੋਂ ਭੜੋਲਿਆਂ ਵਾਲੀ ਜਾਣ ਲਈ ਸਕੂਟਰ ਤੇ ਨਿਕਲੇ ਸਨ ਬੁੱਢੀਮਾੜੀ ਅਤੇ ਅੰਮ੍ਰਿਤਸਰ ਕਲਾਂ ਦੀ ਮਿਲਣੀ ਜੂਅ ਵਿਚ ਹਾਦਸਾ ਹੋ ਗਿਆ। ਪਰਿਵਾਰ ਜਿੰਦਲ ਹਸਪਤਾਲ ਹਿਸਾਰ ਲੈ ਗਿਆ। ਉੱਥੇ ਦਸ ਬਾਰਾਂ ਦਿਨ ਰਹੇ। ਡਾਕਟਰਾਂ ਨੇ ਸੇਵਾ ਕਰਨ ਲਈ ਘਰ ਭੇਜ ਦਿੱਤਾ ਦੂਜੇ ਜਾਂ ਤੀਜੇ ਦਿਨ ਉਹ ਸਮਾਂ ਆ ਗਿਆ। ਪਿਛਲੇ ਸਾਲ ਹੀ ਉਨ੍ਹਾਂ ਦੇ ਅੰਤਰੰਗ ਮਿੱਤਰ ਅਤੇ ਮਮੇਰੇ ਭਾਈ, ਸਾਧੂ ਸਿੰਘ ਕਿਸਾਨ, ਅਤੇ ਬਲੀ ਸਿੰਘ ਗੁਰਾਇਆ ਅੱਗੜ ਪਿਛੜ ਗਏ ਸਨ। ਮਾਸਟਰ ਜੀ ਨੇ ਕਈ ਵੇਰ ਸਤਿਗੁਰੂ ਜੀ ਨੂੰ ਅਰਜ਼ ਕਰਨੀ ਹੁਣ ਮੈਂ ਇੱਥੇ ਕੀ ਕਰ ਰਿਹਾ ਹਾਂ ਜੀ? "ਸਭ ਹੁਕਮ ਦੀ ਕਾਰ ਹੈ ਹਜ਼ੂਰ ਮਾਸਟਰ ਜੀ ਨੂੰ ਹੌਂਸਲਾ ਦਿੰਦੇ ਤਕੜੇ ਰਹੋ।" ਉਨ੍ਹਾਂ ਨੇ ਤਿੰਨ ਸਤਿਗੁਰੂ ਸਾਹਿਬਾਨ ਦੀਆਂ ਖੁਸ਼ੀਆਂ ਹਾਸਲ ਕੀਤੀਆਂ ਸ੍ਰੀ ਸਾਹਿਬ ਪ੍ਰਤਾਪ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀਆਂ। ਹਾਜ਼ਰਾ ਹਜ਼ੂਰ ਜੀ ਨੂੰ ਨਾਮਧਾਰੀ ਵਿਦਿਆਲਾ ਜੀਵਨ ਨਗਰ ਵਿੱਚ ਪੜ੍ਹਾਉਣ ਦੀ ਸੇਵਾ ਵੀ ਆਪ ਨੇ ਨਿਭਾਈ ਸੀ। ਕਿੱਡੇ ਮਹਾਨ ਪਰ ਨਿਰਮਾਣ ਸਨ, ਸਾਡੇ ਮਾਸਟਰ ਜੀ।

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

ਅਤੇ ਫਿਰ ਸਮਾਪਤੀ ਹੋ ਗਈ ਵਾਧੂ ਅੜਨ ਦੀ। ਅੱਜ ਦੋ ਘੰਟਿਆਂ ਵਿੱਚ ਕੇਵਲ ਪੰਜ ਪੱਤਰੇ ਪੜ੍ਹੇ ਜਾ ਸਕੇ।

**ਸ਼ਾਕਾਹਾਰੀ ਕਾਨਫਰੰਸ –** ਅੱਜ ਲੁਧਿਆਣੇ ਵਿੱਚ ਇੱਕ ਸ਼ਾਕਾਹਾਰੀ ਸੰਮੇਲਨ ਸੀ। ਇਸ ਵਿੱਚ ਕੀਰਤਨਕਾਰ ਜਥਾ ਅਤੇ ਵੀਡੀਓ-ਫੋਟੋਗ੍ਰਾਫਰ ਸੰਤ ਗੁਰਮੁਖ ਸਿੰਘ ਲੁਹਾਰਾਂ ਵਿਸ਼ੇਸ਼ ਕਰ ਪਹੁੰਚੇ। ਸ. ਸ਼ਾਮ ਸਿੰਘ ਬੀਰਮੀ ਦੇ ਉੱਦਮ ਨਾਲ ਇਹ ਸੰਮੇਲਨ ਹੋਇਆ ਹੈ। ਸੌ ਡੇਢ ਸੌ ਨਾਮਧਾਰੀ ਸਿੰਘ ਵੀ ਇਸ ਵਿੱਚ ਪਹੁੰਚੇ। ਇਲਾਕੇ ਦੇ ਸੰਤਾਂ, ਸੰਤ ਸਾਧੂ ਸਿੰਘ ਕਲੇਰਾਂ, ਸੰਤ ਰਾਮ ਸਿੰਘ ਨੀਲੋਂ ਵਾਲੇ ਆਦਿ, ਜੈਨ ਧਰਮਾਵਲੰਬੀ ਅਤੇ ਰਾਧਾ ਸਵਾਮੀ ਮਤ ਆਦਿ ਦੇ ਪ੍ਰਤੀਨਿਧ ਇਸ ਸੰਮੇਲਨ ਵਿੱਚ ਸ਼ਾਮਲ ਹੋਏ। ਭੈਣੀ ਸਾਹਿਬੋਂ ਸਵੇਰੇ 8 ਵਜੇ ਦੇ ਗਏ ਢਾਈ ਵਜੇ ਤੱਕ ਹੀ ਆਏ।

**ਆਮਦ –** ਇੱਕ ਬੀਬੀ, ਸੁਰਿੰਦਰ ਕੌਰ ਸੁਪਤਨੀ ਸ. ਪ੍ਰੀਤਮ ਸਿੰਘ ਮਲਹੋਤਰਾ ਆਪਣੀ ਚੰਡੀਗੜ੍ਹ ਵਾਲੀ ਪੁੱਤਰੀ  ਨਾਲ ਕੱਲ੍ਹ ਦੀ ਹੀ ਗੁਰੂ ਕੇ ਦਰਸ਼ਨਾਂ ਹਿਤ ਆਈ ਹੋਈ ਹੈ। ਇਹ ਬੀਬੀ ਬੈਂਕੋਕ ਤੋਂ ਵਿਸ਼ੇਸ਼ ਕਰ ਇਸ ਮੇਲੇ ਦੇ ਸਮਾਗਮ ਸਮੇਂ ਲਈ ਆਈ ਹੈ। ਐਤਵਾਰ ਹੋਣ ਕਰਕੇ ਅੱਜ ਦੂਰ ਨੇੜੇ ਦੇ ਬਹੁਤ ਸਾਰੇ ਪਰਵਾਰ ਗੁਰੂ ਜੀ ਦੇ ਦਰਸ਼ਨ ਅਤੇ ਕਥਾ-ਕੀਰਤਨ ਵਿੱਚ ਸਾਧ ਸੰਗਤ ਕਰਨ ਆਏ। ਦਿੱਲੀ ਤੋਂ ਸੇਠ ਤਰਲੋਕ ਸਿਘ ਅਤੇ ਉਨ੍ਹਾਂ ਦਾ ਲੜਕਾ ਧਰਮ ਸਿੰਘ ਚਾਵਲਾ ਵੀ ਕਥਾ ਸਮੇਂ ਪਹੁੰਚੇ। ਸੇਠ ਜੀ ਜਦੋਂ ਸ੍ਰੀ ਸਤਿਗੁਰੂ ਜੀ ਪਾਸ ਹੋਣ, ਚੌਰੀ ਕਰਨ ਦੀ ਸੇਵਾ ਕਰਦੇ ਹਨ।

**ਸੁਰਿੰਦਰ ਸਿੰਘ ਭੈਣੀ ਸਾਹਿਬ –** ਸੰਤ ਸੰਤੋਖ ਸਿੰਘ ਲਾਂਗਰੀ ਦਾ ਛੋਟਾ ਸਪੁੱਤਰ, ਪਿੰਕੀ ਸੁਖਵਿੰਦਰ ਸਿੰਘ ਦਾ ਛੋਟਾ ਭਾਈ ਕਾਫ਼ੀ ਗੁਣੀ ਬੱਚਾ ਹੈ। ਗਭਰੇਟ ਹੈ, ਬੀ. ਏ. ਦੂਸਰੇ ਸਾਲ ਲਈ ਕਾਲਜ ਜਾਂਦਾ ਹੈ, ਪਰ ਸਿਤਾਰ ਵੀ ਵਜਾਂਦਾ ਅਤੇ ਗਾਉਂਦਾ ਵੀ ਬੜਾ ਸੁੰਦਰ ਹੈ। ਆਸਾ ਦੀ ਵਾਰ ਸਮੇਂ ਸ੍ਰੀ ਸਤਿਗੁਰੂ ਜੀ ਨੇ ਇਸ਼ਾਰਾ ਕਰਕੇ ਇਸਦਾ ਇੱਕ ਸ਼ਬਦ ਸੁਣਿਆ ਸੀ। ਅਤੇ ਲਉਢੇ ਪਹਿਰ ਦੇ ਦੀਵਾਨ ਵਿੱਚ ਵੀ ਏਸੇ ਤੋਂ- ਸਭੈ ਘਟ ਰਾਮੁ ਬੋਲੈ ਰਾਮਾ ਬੋਲੈ। ਭਰਵੇਂ ਸਰੀਰ ਤੇ ਸਹੀ ਕੱਦ ਦਾ ਇਹ ਗਾਇਕ ਆਪਣਾ ਪ੍ਰਭਾਵ ਪੈਦਾ ਕਰ ਲੈਂਦਾ ਹੈ। ਸ਼ਾਸਤਰੀ ਗਾਇਨ ਦੀਆਂ ਸਾਰੀਆਂ ਖੂਬੀਆਂ ਸਮੋਈ ਕੀਰਤਨ ਕਰਦਾ ਹੈ।

ਮਹਾਰਾਜ ਜੀ ਨੇ ਸ੍ਰੀ ਸਤਿਗੁਰੂ ਜੀ ਤੋਂ ਆਗਿਆ ਲੈ ਕੇ "ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ" ਭੀਮ ਪਲਾਸੀ, ਹਰਬੰਸ ਸਿੰਘ ਘੁੱਲੇ ਦੀ ਅਗਵਾਈ ਕਰਦਿਆਂ ਗੰਵਿਆ। ਅੱਜ ਹੀ ਕਿਤੇ ਸੁਖਵਿੰਦਰ ਸਿੰਘ ਪਿੰਕੀ ਆਇਆ ਹੈ, ਉਸਨੇ ਵਿਲੱਖਣ ਤੇ ਜ਼ੋਰਦਾਰ ਕਿਸਮ ਦਾ ਤਬਲਾ ਵਜਾਇਆ ਹੈ।

**ਜੋਟੀਆਂ ਦੇ ਸ਼ਬਦ –** ਪੂਰਬੇ ਦੁਆਰਾ 4 ਵਜੇ ਲਉਢੇ ਵੇਲੇ ਦੇ ਦੀਵਾਨ ਦੀ ਅਰਦਾਸ ਹੁੰਦਿਆਂ ਹੀ ਤੁਰਤ ਕੋਠੀ ਵੱਲ ਆਏ। ਜਿੱਥੇ ਘਾਹ ਖਿੱਤੇ ਵਿੱਚ ਸਫਾਂ ਵਿਛਾਈ ਪ੍ਰਯੋਗ ਕਰਤਾ ਕੁਛ ਸਿੰਘ ਸਤਿਗੁਰੂ ਜੀ ਦੀ ਉਡੀਕ ਕਰ ਰਹੇ ਸਨ। ਸਿੰਘਾਂ ਪਾਸ ਢੋਲਕ ਛੈਣੇ ਸਨ। ਸਤਿਗੁਰੂ ਜੀ ਦੇ ਆਸਣ ਤੇ ਬੈਠਦਿਆਂ ਹੀ ਜੋਟੀਆਂ ਦੇ ਸ਼ਬਦ ਲੰਮੀ ਹੇਕ ਨਾਲ ਆਰੰਭ ਹੋ ਗਏ। ਦੋ ਸ਼ਬਦਾਂ ਉਪਰੰਤ ਇਹਨਾਂ ਦੀ ਵੀ ਅਰਦਾਸ ਹੋ ਗਈ। ਇਹ ਨਿੱਤ ਦਾ ਕਾਰਜ ਹੈ।

**ਬਿਰਧਾਂ ਨੂੰ ਨਿਵਾਜਣਾ –** ਬਾਹਰ ਕਾਰਾਂ ਤਿਆਰ ਖੜ੍ਹੀਆਂ ਸਨ। ਸੱਚੇ  ਪਾਤਸ਼ਾਹ ਸੇਵਕਾਂ ਨਾਲ ਕਾਰ ਵਿੱਚ ਸਵਾਰ ਹੋ ਸ੍ਰੀ ਭੈਣੀ ਸਾਹਿਬ ਬਿਰਧਾਂ ਦੇ ਡੇਰੇ ਪਧਾਰੇ। ਬਿਰਧਸ਼ਾਲਾ ਅਤੇ ਲੰਗਰ ਦੇ ਸੇਵਕਾਂ ਨੂੰ ਦਰਸ਼ਨ ਦੇ, ਜੇ ਕੋਈ ਕਿਸੇ ਦੀ ਲੋੜ ਹੈ ਤਾਂ ਉਹ ਸਮਝ ਕੇ ਫਿਰ ਵਾਲੀਬਾਲ ਖੇਡਣ ਵਾਲੇ ਮੈਦਾਨ ਵਿੱਚ ਆ ਪਹੁੰਚੇ। ਏਥੇ ਆਪ ਜੀ ਦੇ ਨਿੱਜੀ ਸੇਵਕ ਅਤੇ ਹੋਰ ਪ੍ਰੇਮੀ ਸਤਿਗੁਰੂ ਜੀ ਨਾਲ ਰੋਜ਼ਾਨਾ ਘੰਟਾ ਡੇਢ ਵਾਲੀਬਾਲ ਖੇਡਦੇ ਹਨ। ਉਪਰੰਤ 69 ਨੰ. ਕਮਰੇ ਵਿਚ ਸਾਨੂੰ 7.45 ਵਜੇ ਤੱਕ ਕਿਰਤਾਰਥ ਕੀਤਾ।

**ਜਲੇਬੀਆਂ ਦਾ ਲੰਗਰ –** ਸਵੇਰ ਦਾ ਲੰਗਰ ਜਲੇਬੀਆਂ ਦਾ ਸੀ। ਦੇਸੀ ਘਿਉ ਦੀਆਂ ਜਲੇਬੀਆਂ ਸੰਤ ਮਹਿੰਦਰ ਸਿੰਘ ਦਮਦਮੇ ਦੇ ਜਥੇ ਵਲੋਂ ਰਾਤ ਭਰ ਦੀ ਮਿਹਨਤ

ਨਾਲ ਤਿਆਰ ਸਨ। 1000 ਦੇ ਕਰੀਬ ਪਹੁੰਚੀ ਸੰਗਤ ਨੇ ਇਹਨਾਂ ਦਾ ਰਸਾਸਵਾਦਨ ਕੀਤਾ। ਇਹ ਜਲੇਬੀਆਂ ਦਾ ਲੰਗਰ ਮੇਲਾ ਕਰਵਾਣ ਵਾਲੀ ਧਿਰ, 'ਹਰਭਜਨ ਸਰਬਜੀਤ ਐਂਡ ਐਸੋਸੀਏਟ' ਸੀ।

**ਰਾਜਗਿਰੀ ਦੀ ਸੇਵਾ –** ਸ੍ਰੀ ਭੈਣੀ ਸਾਹਿਬ ਵਿੱਚ, ਸ੍ਰੀ ਸਤਿਗੁਰੂ ਜੀ ਦੀ ਪ੍ਰੇਰਣਾ ਸਦਕਾ, ਮਾਤਾ ਜੀ ਦੇ ਉੱਦਮ ਅਤੇ ਹੇਠ ਲਿਖੇ ਸਿੰਘਾਂ ਦੇ ਸਹਿਯੋਗ ਨਾਲ ਉਸਾਰੀ ਦੀ ਸੇਵਾ ਹੋ ਰਹੀ ਹੈ। ਇਹ ਸੱਜਣ ਰਾਜਗਿਰੀ ਕਰਦੇ ਹਨ ਅਤੇ ਇਹਨਾਂ ਦੇ ਮੁਖੀ ਹਨ ਸੰਤ ਗੁਰਦੇਵ ਸਿੰਘ। ਹੋਰ ਕਾਰਜ ਕਰਨ ਵਾਲੇ ਹਨ ਸਰਬ ਸੰਤ ਅਮਰ ਸਿੰਘ, ਪੂਰਨ ਸਿੰਘ, ਬਰਮਾ ਸਿੰਘ, ਹਰਬੰਸ ਸਿੰਘ, ਮਸਤਾਨਾ ਗੁਰਚਰਨ ਸਿੰਘ, ਅਮਰਜੀਤ ਸਿੰਘ, ਹੀਰਾ ਸਿੰਘ, ਮੋਹਣ ਸਿੰਘ, ਬਲਵੰਤ ਸਿੰਘ, ਸੁਦਾਗਰ ਸਿੰਘ, ਅਵਤਾਰ ਸਿੰਘ, ਜੀਤ ਸਿੰਘ ਦੂਜਾ, ਸ਼ੇਰ ਸਿੰਘ ਦੂਜਾ ਅਤੇ ਭਜਨ ਸਿੰਘ।

**ਬਖਸ਼ੀ ਹਰਦੇਵ ਸਿੰਘ ਜੀ ਤੋਂ –** ਬਿਰਧਾਂ ਵਿੱਚ ਸਭ ਤੋਂ ਵਡੇਰੀ ਉਮਰ, 96 ਬਰਸ ਦੇ ਬਖਸ਼ੀ ਹਰਦੇਵ ਸਿੰਘ ਹਨ। ਭੈਣੀ ਸਾਹਿਬ ਦੇ ਵਸਨੀਕ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਲੰਗੋਟੀਏ ਬਾਲ ਸਖਾ। ਇਹਨਾਂ ਨੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਵੀ ਕੀਤੇ ਹੋਏ ਹਨ ਅਤੇ ਸਤਿਗੁਰੂ ਪ੍ਰਤਾਪ ਸਿੰਘ ਕਾਲ ਦਾ ਸਾਰਾ ਇਤਿਹਾਸ ਯਾਦ ਹੈ। ਅਜੇ ਤੱਕ ਚੇਤਾ ਸ਼ਕਤੀ ਤੇ ਜ਼ਬਾਨ ਤੇ ਅਧਿਕਾਰ ਹੈ। ਇਹਨਾਂ ਨੇ ਇੱਕ ਘਟਨਾ ਸੁਣਾਈ ਜੁ ਸੰਭਾਲਣਯੋਗ ਹੈ।

## 20 ਅਕਤੂਬਰ 1986, ਸੋਮਵਾਰ
## ਸ੍ਰੀ ਭੈਣੀ ਸਾਹਿਬ

**69 ਨੰ. ਕਮਰੇ ਵਿੱਚ –** ਮੈਂ ਸਵੇਰੇ ਆਸਾ ਦੀ ਵਾਰ ਸਮੇਂ ਦਰਸ਼ਨ ਨਹੀਂ ਕਰ ਸਕਿਆ। ਸ੍ਰੀ ਸਤਿਗੁਰੂ ਜੀ ਨੇ ਸਾਨੂੰ ਪੁਸਤਕ ਵਾਚਨ ਸਮੇਂ ਸਾਢੇ ਛੇ ਤੋਂ ਪੌਣੇ ਨੌਂ ਵਜੇ ਤੱਕ, 69 ਨੰ. ਕਮਰੇ ਵਿੱਚ ਦਰਸ਼ਨ ਦੇ ਕੇ ਕਿਰਤਾਰਥ ਕੀਤਾ। ਕੱਲ੍ਹ ਪੰਡਿਤ ਜੀ ਤਾਂ ਜ਼ੁਕਾਮ ਦੇ ਜ਼ੋਰ ਕਾਰਨ ਸਵੇਰ ਵੇਲੇ ਤੋਂ ਹੀ ਚਲੇ ਗਏ ਸਨ, ਤਰਸੇਮ ਸਿੰਘ ਵੀ ਨਾਲ ਹੀ ਉਡ ਗਿਆ। ਅੱਜ ਦੋਵੇਂ ਹੀ ਸਤਿਗੁਰੂ ਜੀ ਨਾਲ ਆ ਗਏ। ਸਾਡੇ ਵਿੱਚ ਅੱਜ ਮਾ. ਨਿਹਾਲ ਸਿੰਘ ਜੀ 'ਪੰਥ ਰਤਨ' ਨਹੀਂ ਹਨ। ਉਹ ਕੱਲ੍ਹ ਦੇ ਦਿੱਲੀ ਗਏ ਹੋਏ ਹਨ ਰੇਡੀਓ ਤੇ ਇੱਕ ਤਕਰੀਰ ਕਰਨ ਲਈ। ਆਜ਼ਾਦ ਹਿੰਦ ਫੌਜ ਦੀ ਸੁਤੰਤਰਤਾ ਵਿੱਚ ਭੂਮਿਕਾ, ਇਹ ਵਿਸ਼ਾ ਹੈ ਤਕਰੀਰ ਦਾ।

**ਬੀਬੀ ਜਸਮੀਤ ਕੌਰ ਕਲਕੱਤਾ –** ਬੀਬੀ ਕਲਕੱਤੇ ਵਾਲੀ ਆਪਣੀ ਪੁੱਤਰੀ ਹਰ ਵਸਾਨ ਤੇ ਉਹਦੇ ਬੱਚਿਆਂ ਨਾਲ ਕਲਕੱਤੇ ਜਾਣ ਵਾਸਤੇ ਅੱਜ ਦਿੱਲੀ ਨੂੰ ਚਲੀ ਗਈ। ਜਦੋਂ ਉਹ ਮਾਤਾ ਜੀ ਕੋਲੋਂ ਆਗਿਆ ਲੈਣ ਗਈ, ਥੋੜ੍ਹੇ ਵਕਫ਼ੇ ਬਾਅਦ ਮੇਰੀ ਪਹੁੰਚ ਵੀ ਹੋ ਗਈ। ਉਹ ਮਾਤਾ ਜੀ ਪਾਸ ਸ਼ਰਧਾ, ਸਤਿਕਾਰ ਅਤੇ ਨਿਮਰਤਾ ਦੀ ਮੂਰਤੀ ਬਣੀ ਇਸ ਭਾਵਨਾ ਨਾਲ ਮਾਤਾ ਜੀ ਤੋਂ ਜਾਣ ਦੀ ਆਗਿਆ ਲੈ ਰਹੀ ਸੀ ਕਿ ਉਹਦੀਆਂ ਅੱਖਾਂ ਵਿੱਚੋਂ ਵਿਛੋੜੇ ਦੇ ਅਹਿਸਾਸ ਨਾਲ ਹੰਝੂ ਪਲਮ ਪਏ ਸਨ। ਇਸ ਬੀਬੀ ਦੇ ਦਰਸ਼ਨ ਨਾਲ ਮਨੁੱਖ ਦਾ ਵੇਗਮਈ ਮਨ ਇੱਕ ਸਾਂਤਗੀ ਤੇ ਠਹਿਰਾਉ ਪ੍ਰਤੀਤ ਕਰਦਾ ਹੈ।

ਜਾਂਦਿਆਂ ਜਾਂਦਿਆਂ ਬੀਬੀ ਜਸਮੀਤ ਕੌਰ ਨੇ ਇਸਤਰੀ ਸੰਗਤ ਦੀ ਮੁਖੀ ਬੀਬੀ ਸ਼ਕੁੰਤਲਾ ਭੂਟਾਨੀ ਨੂੰ 105/- ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਭੇਟਾ ਕਰਨ ਲਈ ਦਿੱਤੇ ਕਿਉਂਕਿ ਉਸਨੂੰ ਵਿਦਾ ਸਮੇਂ ਗੁਰੂ ਕੇ ਦਰਸ਼ਨ ਨਹੀਂ ਹੋ ਸਕੇ।

**ਮਹਾਰਾਜ ਜੀ ਨੇ ਆਗਿਆ ਮੰਗੀ –** ਅੱਜ ਸ਼ਾਮੀਂ ਪੁਸਤਕ ਪਾਠ 5.30 ਤੋਂ ਜਾਰੀ ਹੋ 7.20 ਤੱਕ ਜਾਰੀ ਰਿਹਾ। ਮਹਾਰਾਜ ਬੀਰ ਸਿੰਘ ਜੀ ਵੀ ਪਾਸ ਬੈਠ ਕੇ ਸੁਣਦੇ ਰਹੇ ਅਤੇ ਆਪ ਨੇ ਸ੍ਰੀ ਸਤਿਗੁਰੂ ਜੀ ਤੋਂ 25.10-86 ਨੂੰ ਮੁੜਕੇ ਆਉਣ ਦੀ ਸੂਚਨਾ ਦੇ ਕੱਲ੍ਹ ਸਵੇਰੇ ਜੀਵਨ ਨਗਰ ਨੂੰ ਚਲੇ ਜਾਣ ਦੀ ਆਗਿਆ ਮੰਗੀ ਤੇ ਪ੍ਰਾਪਤ ਕਰ ਲਈ।

**ਕਾਮਰੇਡ ਖੁਰਸ਼ੀਦੀ –** ਸੰਤ ਤਰਸੇਮ ਸਿੰਘ ਨੇ ਮੈਨੂੰ ਦੱਸਿਆ ਕਿ ਕੋਟ ਗੰਗੂ ਰਾਇ, ਤੱਖੀ ਨਿਵਾਸ ਵਾਲੇ ਕਾਮਰੇਡ ਸੁਰਜੀਤ ਖੁਰਸ਼ੀਦੀ ਨੂੰ ਸ. ਸ਼ਾਮ ਸਿੰਘ ਲੁਧਿਆਣਾ ਪਾਸ ਕੰਮ ਤੇ ਲਗਵਾ ਦਿੱਤਾ ਹੈ। ਮੇਰਾ ਇਹ ਵਿਦਵਾਨ ਮਿੱਤਰ ਦੋ ਸਾਲ ਤੋਂ ਘਰ ਵਿਹਲਾ ਬੈਠਾ ਸੀ। ਮੈਂ ਸਕੱਤਰ ਰਾਹੀਂ ਸਤਿਗੁਰੂ ਜੀ ਤੱਕ ਬਿਨੈ ਪੁਚਾਈ ਸੀ ਕਿ ਇਸ ਯੋਗ ਵਿਅਕਤੀ ਨੂੰ ਆਪਣੀ ਲਾਇਬ੍ਰੇਰੀ ਦਾ ਇਨਚਾਰਜ ਬਣਾ ਦਿੱਤਾ ਜਾਇ। ਪਰ ਇਹਨਾਂ ਪੈਸੇ ਦੇ ਸੰਕੇਤ ਨੂੰ ਮੁੱਖ ਰੱਖਦਿਆਂ ਇੱਕ ਬਾਰਸੂਖ ਇੰਡਸਟ੍ਰੀਅਲਿਸਟ ਦੇ ਹਵਾਲੇ ਕਰ ਦਿੱਤਾ।

## 21 ਅਕਤੂਬਰ 1986, ਮੰਗਲਵਾਰ
## ਸ੍ਰੀ ਭੈਣੀ ਸਾਹਿਬ

**ਆਸਾ ਦੀ ਵਾਰ –** ਆਸਾ ਦੀ ਵਾਰ ਦਾ ਕੀਰਤਨ, ਹਰੀ ਮੰਦਰ ਵਿਖੇ, ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ

ਪਰਵਾਨ ਚੜ੍ਹਿਆ। ਕੀਰਤਨ ਬਹੁਰੰਗੀ ਅਤੇ ਸੁਰੀਲਾ ਸੀ। 20 ਬੱਚਿਆਂ ਦੀ ਬਾਰੀਕ ਆਵਾਜ਼, ਸੰਤ ਹਰਬੰਸ ਸਿੰਘ, ਮੋਹਣ-ਸੁਖਦੇਵ ਅਤੇ ਬਲਜੀਤ ਦੀਆਂ ਲੋਣ ਭਰੀਆਂ ਸੁਰਾਂ ਅਤੇ ਸੰਤ ਖਜ਼ਾਨ ਸਿੰਘ ਦਾ ਤਬਲਾ ਰੰਗ ਬੰਨ੍ਹੀ ਖਲੇ ਸਨ।

**ਲੁਧਿਆਣਾ ਨੂੰ** - 6.30 ਵਜੇ ਵਾਰ ਦੀ ਸਮਾਪਤੀ ਉਪਰੰਤ ਗੱਡੀਆਂ ਤਿਆਰ ਖਲੋਤੀਆਂ ਸਨ। ਸ੍ਰੀ ਸਤਿਗੁਰੂ ਜੀ ਉੱਠਦਿਆਂ ਹੀ ਆਪਣੇ ਸੇਵਕਾਂ ਤੇ ਅੰਗ ਰੱਖਿਅਕਾਂ ਨਾਲ ਲੁਧਿਆਣੇ ਨੂੰ ਪ੍ਰਸਥਾਨ ਕਰ ਗਏ। ਟੈਲੀਫੋਨ ਵਿਦੇਸ਼ਾਂ ਤੋਂ ਆਉਣੇ ਤੇ ਕਰਨੇ ਸਨ।

**ਉਸਾਰੀ –** ਸਵੇਰ ਦੀ ਪੁਸਤਕ ਪਾਠ ਬੈਠਕੋਂ ਛੁੱਟੀ ਹੋਣ ਕਾਰਨ ਮੈਂ ਅਤੇ ਜਸਵਿੰਦਰ ਸਿੰਘ ਸਿਮ੍ਰਤੀ ਮੰਦਰ ਵੱਲ ਗਏ। ਗੋਲ ਖੱਪਰ ਦੇ ਚੜ੍ਹਦਿਓਂ ਜਾਂਦੀ ਸੜਕ ਉਖੇੜਕੇ, ਲਹਿੰਦਿਓਂ ਸਿਮ੍ਰਤੀ ਮੰਦਰ ਵੱਲ ਕੀਤੀ ਜਾ ਰਹੀ ਹੈ। ਇਹ ਸੜਕ ਸਿਮ੍ਰਤੀ ਮੰਦਰ ਦੀ ਪੂਰਬ ਦੱਖਣੀ ਨੁੱਕਰ ਦੇ ਕੋਲ ਦੀ ਮੰਦਰ ਦੁਆਰ ਤੱਕ ਬਣਾਈ ਜਾ ਰਹੀ ਹੈ। ਕਾਰੀਗਰ ਲੱਗੇ ਹੋਏ ਹਨ। ਤਜਵੀਜ਼ ਪਤਾ ਨਹੀਂ ਕਿਸ ਕੀਤੀ ਪਰ ਅਮਲ ਵਿੱਚ ਸ. ਨਿਰਮਲ ਸਿੰਘ ਇੰਜੀਨੀਅਰ ਲਿਆ ਰਹੇ ਹਨ।

ਮਾਤਾ ਚੰਦ ਕੌਰ ਜੀ ਨੂੰ ਕੱਲ੍ਹ ਪਰਸੋਂ ਬੁਖਾਰ ਵੀ ਰਿਹਾ ਹੈ ਤੇ ਜ਼ੁਕਾਮ ਦਾ ਜ਼ੋਰ ਵੀ ਪਰ ਉਹ ਸਾਰਾ ਦਿਨ ਜਿੱਥੇ ਜਿੱਥੇ ਵੀ ਕੰਮ ਚਾਲੂ ਹਨ, ਓਥੇ ਓਥੇ ਪਹੁੰਚ ਕੇ ਨਿਗਹਬਾਨੀ ਕਰ ਰਹੇ ਹਨ। ਸਾਨੂੰ ਅੱਜ ਏਸੇ ਸੜਕ ਤੇ ਆਪ ਜੀ ਦੇ ਦਰਸ਼ਨ ਹੋਏ। ਮਾਤਾ ਜੀ ਦੀ ਨਿਗਹਬਾਨੀ ਦਾ ਅਰਥ ਇਹ ਨਹੀਂ ਕਿ ਉਹ ਸਿਰਫ਼ ਸੇਵਾ ਹੁੰਦੀ ਵੇਖ ਰਹੇ ਹਨ, ਸਗੋਂ ਉਹ ਆਪ ਵੀ ਸੇਵਕ ਬਣ, ਹੱਥੀਂ ਸੇਵਾ ਕਰਦੇ ਹਨ।

**ਸਿਮ੍ਰਤੀ ਮੰਦਰ –** ਅਸਾਂ ਅੰਦਰ ਜਾ ਕੇ ਸਿਮ੍ਰਤੀ ਮੰਦਰ ਵੀ ਵੇਖਿਆ। ਅਮਦਰਲਾ

ਹਾਲ ਪੂਰੀ ਤਰ੍ਹਾਂ ਸਾਊਂਡ ਪਰੂਫ ਹੋ ਚੁੱਕਾ ਹੈ। ਇਸ ਕਾਰਨ ਇਸਦਾ ਸਾਰਾ ਅੰਦਰਲਾ ਹਾਲ ਬਾਹਰਲੇ ਦੋ ਮੰਜ਼ਲੇ ਕਮਰਿਆਂ ਤੋਂ ਇਕਦਮ ਵੱਖ ਕਰ ਦਿੱਤਾ ਗਿਆ ਹੈ। ਨਾ ਕੈਂਚੀਆਂ ਦਿਸਦੀਆਂ ਹਨ ਨਾ ਗੈਲਰੀਆਂ। ਮਾਤਾ ਜੀ ਨੇ ਦੱਸਿਆ ਕਿ ਮਾਰਚ ਵਿੱਚ ਹੋਲੇ ਤੋਂ ਅੱਠ ਦਿਨ ਪਹਿਲਾਂ ਹੀ ਸਾਊਂਡ ਪਰੂਫਿੰਗ ਮੁਕੰਮਲ ਹੋ ਗਈ ਸੀ। ਸਾਨੂੰ ਅੱਜ ਹੀ ਅਭਾਸ ਹੋਇਆ ਜਦੋਂ ਪਹਿਲੀ-ਦੂਜੀ ਛੱਤੇ ਜਾ ਕੇ ਵੇਖਿਆ ਕਿ ਹਾਲ ਤਾਂ ਇਕਦਮ ਬੰਦ-ਬੰਦ ਸੀ। ਜਿਵੇਂ ਕਿਸੇ ਫੈਕਟਰੀ ਦਾ ਵਿਸ਼ੇਸ਼ ਸੈਕਟਰ ਹੋਵੇ।

**ਨਿਜੀ ਸਕੱਤਰ ਦਾ ਦਫਤਰ –** ਸੰਤ ਤਰਸੇਮ ਸਿੰਘ ਦਾ ਦਫਤਰ ਵੀ ਕੱਲ੍ਹ ਤੱਕ ਲੰਮੇਰਾ ਹੋ ਗਿਆ ਸੀ। ਪੱਛਮੀ ਬਾਹੀ ਦਾ ਪਹਿਲਾਂ ਸੰਤ ਅਨੰਤਾ ਸਿੰਘ ਕੋਲ ਹੁੰਦੇ ਕਮਰੇ ਦਾ ਵਰਾਂਡੇ ਦਾ ਕੁਛ ਹਿੱਸਾ ਏਧਰ ਪਾਇਆ ਗਿਆ ਹੈ। ਏਸ ਕਮਰੇ ਵਿੱਚ ਅੱਜਕਲ੍ਹ ਸੰਤ ਦਿਆਲ ਸਿੰਘ ਫਗਵਾੜਾ ਦਾ ਨਿਵਾਸ ਹੈ। ਇਸ ਦੇ ਨਾਲ ਇੱਕ ਕਮਰਾ, ਅੰਦਰ ਵਾਰ ਨੂੰ ਹੋਰ ਤਿਆਰ ਕਰ ਦਿੱਤਾ ਗਿਆ ਹੈ। ਇੰਜ ਲਏ ਹੋਏ ਵਰਾਂਡੇ ਦੀ ਥਾਂ ਇੱਕ ਕਮਰਾ ਹੋਰ ਇਹਨਾਂ ਨੂੰ ਬਣਾ ਦਿੱਤਾ ਹੈ।

ਆਓ ਭਗਤ ਕਮਰਿਆਂ ਦੇ ਸੈਕਟਰ ਦੇ ਪਿਛਵਾੜੇ, ਨਵੇਂ ਕੀਤੇ ਗਏ ਬੋਰ ਦਾ ਆਲਾ ਦੁਆਲਾ ਪੱਕਾ ਕਰ ਦਿੱਤਾ ਗਿਆ ਹੈ। ਬੋਰ ਨੂੰ ਢਕਣ ਲਈ ਕਮਰਾ ਬਣ ਗਿਆ ਹੈ ਅਤੇ ਲੋਕਲ ਸੇਵਕਾਂ ਦੇ ਮਕਾਨਾਂ ਨੂੰ ਚੜ੍ਹਦੇ ਪਾਸੇ ਉੱਚਾ ਥੜਾ ਬਣਾ ਕੇ ਦੇ ਦਿੱਤਾ ਗਿਆ ਹੈ, ਜਿਸ ਨਾਲ ਪਿੱਠ ਵਾਲੇ ਪਾਸੇ ਦੀ ਰੌਣਕ ਤੇ ਸੁੰਦਰਤਾ ਵਧ ਗਈ ਹੈ। ਇਸ ਪਾਸੇ ਦੀ ਸੇਵਾ ਦੁਆਬੇ ਦੇ ਸਿੰਘਾਂ ਨੇ ਹੀ ਕੀਤੀ ਹੈ, ਮੈਂ ਇਹਨਾਂ ਚੋਂ ਕੇਵਲ ਸੰਤ ਬਲਵਿੰਦਰ ਸਿੰਘ ਡੁਬਈ ਵਾਲੇ ਨੂੰ ਜਾਣਦਾ ਹਾਂ।

**ਕਥਾ ਸਮੇਂ ਹਰੀ ਮੰਦਰ ਵਿੱਚ –** ਕਥਾ ਸਮੇਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਹੋਏ। ਅੱਜ ਸੰਗਤ ਵਿੱਚ ਹਿੰਦੂ ਸੱਜਣ ਭੀ ਬਹੁਤ ਸਾਰੇ ਬੈਠੇ ਹੋਏ ਹਨ। ਗ਼ੈਰ ਨਾਮਧਾਰੀ ਸਿੱਖ ਵੀ ਆਵਾ ਗਮਨ ਰੱਖਦੇ ਹਨ।

ਕਥਾ ਪਾਠਨ ਵੈਦ ਗੁਰਦੇਵ ਸਿੰਘ ਦੇ ਗ਼ਲਤ ਉਚਾਰਣ 'ਨਾ ਰੰਗ ਪੁਰ' ਨੂੰ ਲਿਖ ਕੇ ਸਤਿਗੁਰੂ ਜੀ ਨੇ ਵੈਦ ਦੇ ਸ਼ਬਦ ਹੀ ਹੇਠ ਲਿਖ ਦਿੱਤੇ "ਕਿਆ ਸੁੰਦਰ ਸ਼ਬਦ ਹਨ"। ਮੈਨੂੰ ਜਸਵਿੰਦਰ ਸਿੰਘ ਅਤੇ ਵੈਦ ਨੂੰ ਇਹ ਗ਼ਲਤੀ ਤੇ ਵੈਦ ਦੇ ਸ਼ਬਦਾਂ ਦਾ ਦੁਹਰਾਉ ਵਖਾਇਆ। ਪਰਸੋਂ ਦੇ ਵੈਦ ਰਾਜ ਆਪਣੇ ਹਠ ਤੋਂ ਹੀ ਸ੍ਰੀ ਸਤਿਗੁਰੂ ਜੀ ਦੀਆਂ ਟਾਂਚਾਂ ਦਾ ਨਿਸ਼ਾਨਾ ਹਨ।

**ਨਿੱਕੀ ਜਿਹੀ ਪਰ ਵੱਡੀ ਗੱਲ –** ਸਤਿਗੁਰੂ ਜੀ ਨਾਮ ਸਿਮਰਨ ਸਮੇਂ ਲੋੜੀਂਦੀ ਗੱਲ ਆਪਣੇ ਸਕੱਤਰ ਨਾਲ ਇਸ਼ਾਰਤਨ ਲਿਖਕੇ ਕਰਦੇ ਹਨ। ਇਸ ਲਈ ਆਪ ਜੀ ਦੇ ਆਸਣ ਤੇ ਕਲਮ ਅਤੇ ਪੈਡ ਪਏ ਰਹਿੰਦੇ ਹਨ। ਪਰ ਮੈਂ ਨੋਟ ਕੀਤਾ ਹੈ ਕਿ ਦੋ ਚਾਰ ਸ਼ਬਦਾਂ ਦੇ ਸੰਕੇਤ ਲਿਖ ਕੇ ਕਲਮ ਦਾ ਕੈਪ ਪੂਰੀ ਤਰ੍ਹਾਂ ਲਗਾ ਦਿੱਤਾ ਜਾਂਦਾ ਹੈ! ਅਰਥਾਤ ਨਿੱਬ ਤੇ ਟੋਪੀ ਚਾੜ੍ਹ ਦਿੱਤੀ ਜਾਂਦੀ ਹੈ। ਪਰ ਅੱਜ ਇੱਕ ਸਮੇਂ ਕਲਮ ਬੰਦ ਹੋਣ ਖੁਣੋਂ ਪਈ ਰਹੀ। ਦੂਜੇ ਤੀਜੇ ਮਿੰਟ ਫਿਰ ਸੱਚੇ ਪਾਤਸ਼ਾਹ ਜੀ ਨੇ ਕਲਮ ਨੂੰ ਕੈਪ ਨਾਲ ਬੰਦ ਕਰ ਦਿੱਤਾ। ਅਤੇ ਜਦੋਂ ਮੈਂ ਅੱਜ ਸਤਿਗੁਰੂ ਜੀ ਨੂੰ ਕਲਮ ਬਾਰੇ ਇਹ ਧਿਆਨ ਚੇਤੇ ਕਰਵਾਇਆ ਤਾਂ ਬਚਨ ਕੀਤਾ : ਬੜਾ ਮਾਨਿਊਟਲੀ ਧਿਆਨ ਰੱਖਦੇ ਹੋ। ਗੱਲ ਇਹੋ ਹੈ। ਆਲਸ ਪੈਣ ਲੱਗਾ ਸੀ, ਪਰ ਮੈਂ ਤੁਰਤ ਰੋਕ ਲਿਆ। ਬੰਦੇ ਨੂੰ ਉੱਦਮ ਹੀ ਸੁਚੇਤ ਰੱਖਦਾ ਹੈ।

**ਚਲਦਾ.........**

# The Secret of the 'Khanda' on Satguru Ram Singh Ji's Turban



**Harjinder Singh Kanwal**

History has the tendency to bring to light some new aspects in allowance to some new researches, which immerge in the course of time. Some extra-ordinary facts sometimes become apparent that have been previously ignored or wrongly interpreted.

This was the case of the 'Khanda' (double edged sword), which adorns the turban of Sri Satguru Ram Singh Ji Maharaj.The presence of this 'Khanda' was a complete mystery in the Namdhari world, until recently, when it was revealed during a world-wide Namdharizoom session. Let me start from the beginning: -

During the 2020 Covid19 Pandemic, when the whole world stood still and people were not allowed to meet one another, let alone hold religious congregations or meetings, a new application came into being and that is the 'Zoom', where each and every person can log on and participate in a safe way, whilst meet their friends or members of the congregation. To keep the tradition of the 'Sangat' alive, Sri Satguru Uday Singh Ji Maharaj, ordained the Sangat to meet in this manner and do a collective 'Naam Simran'. This was readily obeyed and Sant Sukhdeep Singh with his dutiful wife Neeru Chana from London, took over the tedious task of starting this 'Zoom' program every morning from 4 a.m. to 6.am with a special extended scheduled one on Sundays after 6 a.m.The format of this extension was a discussion on various religious, cultural and 'naam' related subjects.

In this respect a discussion was held in August 2021 on the life of 'Baba Maharaj Singh' – a revolutionary freedom fighter and a saintly person. Many aspects of historical facts were exposed during the discussion. After some extra research, I have compiled this article, which highlights some of the incidents that led to my above subject. I have to start from the beginning that posed the base to this article. We shall start with the life of Baba Bir Singh Ji, who initiated the Khalsa's 'Shakti and Bhagti' movement, which ran alongside the Sikh Raj of Maharaja Ranjit Singh.

**BABA BIR SINGH OF NAURANGABAD**

Baba Bir Singh (1768-1844), soldier-become-religious preacher and saint, was born in July 1768 at the village of Gaggobua, in Amritsar district of the Punjab. The son of Seva Singh and Dharam Kaur. after the death of his father (in one of the Maharaja Ranjit Singh's

campaigns against the Afghan rulers of Multan) Bir Singh joined the Sikh army. He participated in Maharaja Ranjit Singh's campaigns for the capture of Kashmir and Peshawar. After several years of active service, he secured his dismissal from the army after he came under the influence of Baba Bhag Singh, a Sikh saint belonging to Kuri, in Rawalpindi district. Bir Singh took to preaching Guru Nanak's word and soon attracted a considerable following in the Majha area. He set up his dera in the village of Naurangabad, near Tarn Taran. The dera, named Santpura, soon became a popular pilgrimage centre where it is said that about 4,500 visitors were fed in the langar every day. Such was the influence Baba Bir Singh had acquired that a volunteer army of 1,200 musket men and 3,000 horse men attended upon him.

Baba Bir Singh was a true well-wisher of the dynasty of Ranjit Singh and was deeply grieved at the disaster which had overtaken it through the envy of the courtiers after the death of the Maharaja in 1839. During that critical period, Sikh soldiers and peasantry began to turn to him for guidance. On 2 May 1844, Attar Singh Sandhanvalia, who had been in residence in British India for some time, crossed the Sutlej into Sikh territory and joined Baba Bir Singh who was then camping near HarikePattan. Prince Kashmira Singh and Prince Pashaura Singh and many Sikh sardars, including Jawahar Singh Nalwa, son of the celebrated Sikh general Hari Singh Nalwa, and Diwan Baisakha Singh, had already taken asylum at Bir Singh's dera. Bir Singh's camp had become the centre of a Sikh revolt against the Dogra dominance over the Punjab.

Perturbed at these developments, Hira Singh, the Dogra prime minister of the Sikh kingdom, sent a strong force comprising 20,000 men and 50 guns under the command of MianLabh Singh to attack the citadel of Baba Bir Singh. The troops besieged the camp on 7 May 1844. Baba Bir Singh forbade his Sikhs not to fight back saying, "How can we attack our own brethren?" He was in meditation in the presence of the Holy Book, when he was killed with a shell from the besiegers. Prince Kashmira Singh and Attar Singh Sandharivalia also lost their lives in the heavy cannonade and, in the panic, hundreds of Baba Bir Singh's followers were drowned in the river whilst trying to cross it. The troops, however, never forgave Hira Singh for forcing them into an action which led to the death of a holy man.

Hira Singh tried to atone for what had happened by promising to build a samadh where Baba Bir Singh had been cremated, and set aside land yielding Rs 5,000 annually for its maintenance, but his critics were far from assuaged. He had to pay for this onslaught on Naurarigabad with his own life before the year was out. General Court's battalion, which had played a leading part in the action, was boycotted when it reached the headquarters and was always referred to as gurumar (killer of the guru or holy man). (Courtesy Sikh-wiki)

**BABA MAHARAJ SINGH**

Baba Maharaj Singh, known as a

"freedom fighter", a "revolutionary", a "saint", is the first recorded Sikh person in Singapore who had reached there in 1850 as a prisoner of the British. Bhai Maharaj Singh, also described as "Karnivala", the Wonder Worker who couldn't be caught, was born as Nihal Singh in 1780 in Rabbon village of Ludhiana district of Punjab.

A man born with a religious bent of mind received khande-di-pahul (baptism) to be a member of the Khalsa and was duly initiated as Bhagvan Singh. He was a very humble person and truly following the tenets of Sikhism, would see divine light in all human beings and address them as "Maharaj". This soon became an integral part of his personality and everyone started calling him as Baba Maharaj Singh. He was initially nurtured and trained by Baba Bir Singh. Baba Maharaj Singh succeeded him after his death and became the head of the centre at Naurangabad. Baba Maharaj Singh shifted to Amritsar and established his centre at Samdu ka Talab. He toured the Panjab to motivate the Sikhs to save Khalsa raj. He led a movement against the British in the Panjab after the first Anglo-Sikh war. Due to his involvement in the Prema plot to assassinate Henry Lawrence, the British restricted his movements to Naurangabad and confiscated his property. Baba Maharaj, as a result, went underground and was declared not only an outlaw but a reward for his arrest was also announced.

Baba Maharaj Singh, with 600 Sikhs, continued his activities against the British. In 1848 he fought in the battles of Ramnagar, Chillianvala and Ravalpindi and exhorted the Sikhs to lay down their lives for their country. His courage even won him admirers from the British. Henry Lawrence recorded, "Bhai Mahararaj Singh, a Sikh priest of reputed sanctity, and of great influence, was the first man who raised the standards of rebellion beyond the confines of Multan in 1848, and the only leader of note who did not lay down his arms to Sir Walter Gilberts at Rawalpindi."

Baba Maharaj Singh was admired by a number of people and had a large following. McLeod while writing a report on Maharaj Singh, writes, "I am convinced that Maharaj Singh is a remarkable person. He has all the attributes of a saint. He has unusual self-control and self-confidence. He seems to have the power to foresee the coming events and has the qualities of a great leader whom people would like to obey."

He was even compared to Jesus Christ by Henry Vansittart, the deputy commissioner of Jalandhar, who arrested him on December 28, 1849 with the help of an informer. He writes, "The Guru is no ordinary man. He is to the natives what Jesus was to the most zealous of Christians. His miracles were seen by tens of thousands, and are more implicitly believed than those worked by the ancient prophets".

Baba Maharaj Singh was a great influence on people and thousands of people used to come to the jail to visit him. The British, fearing another rebellion in Punjab, shifted him to Singapore and kept him in

solitary confinement, where the great martyr breathed his last. A gurdwara, the Silat Road Sikh Temple, at Birkit Merah is dedicated to Bhai Maharaj Singh who was a true living example of Sant-Sipahi, a saint as well as a warrior. (Courtesy Kulbir Singh)

Here I would like to mention that during the first Anglo Sikh War at Mudki, Satguru Ram Singh, who was in the army at the time, threw his gun in the Satluj river and prophesied that the Khalsa will lose and the end of the leaderless Khalsa era and its glorious Raj will be diminished for ever. This prophecy came true and the Khalsa lost all their battles and the Punjab was annexed to the British Empire. Sri Satguru Ram Singh wentto Sri Bhaini Sahib where he devoted to deep meditation to prepare for the future of the revival of the depleted Khalsa Panth.

**Baba Hardip Singh**

Baba Hardip Singh is a prominent member of the NaurangabadDera. As mentioned above, during a 'zoom' session' to celebrate the martyrdom of Baba Maharaj Singh, he was invited to throw some light on the exalted life of Baba Maharaj Singh. It is worth mentioning here that our Namdhari brother Sukhpal Singh Bhatti and his son Rashpal Singh had previously met him in Singapore, where a beautiful gurdwara stands in his memory, and during their meetings it had emerged that Baba Maharaj Singh had twice met Sri Satguru Ram Singh Ji sometimes between1844 and 1848. Once in Amritsar and secondly in Mukatsar during the 'Maghi' festival. It was here that Baba Maharaj Singh removed a small 'Khanda' from his 'Nihang' turban and presented it to Sri Satguru Ji. Sri Satguru Ji obligingly accepted it and fixed it on his turban, which remained forever adorning his turban.

The 'Khanda' is an integral part and emblem of the 'Khalsa'. The launch of the 'Khalsa Panth' by Sri Guru Gobind Singh Ji in 1699 AD was initiated by administering 'Pahul' or 'Amrit' prepared with the combination of a 'Khanda& Bata' and the recitation of 'Banis' of the Gurus. Sri Satguru Ram Singh Ji, following the same tradition of Guru Gobind Singh,revived the depleted 'Khalsa' by initiating the Sikhs with the 'Khanda Bata Amrit' and infusing into them the immortal spirit of the ' Sant-Khalsa' in 1857 AD., thus fulfilling the prophecy of Guru Nanak,'Mein Fer karunga Khalsa, vase vich Panjab' i.e. I will again revitalise the Khalsa living in the Punjab (Karninama of Guru Nanak).

The mystery of the 'Khanda' adorning the turban of Sri Satguru Ram Singh Ji has been revealed thanks to Baba Hardip Singh Ji and with the benevolence of Sri Satguru Uday Singh Ji, whose undying efforts to keep the NamdhariPanth on the same high level of divinity and social brotherhood that was nurtured by Sri SatguruJagjit Singh Ji.

# A Saga Of Sri Satguru Jagjit Singh Ji



**Dr. Sharada Jayagovind**

The fifty long years of Satguru Jagjit Singh ji's reign was truly the golden era of the Namdhari sangat. The Satguru's vision, spiritual strength and political wisdom, inspired Namdhari Sikhs to reach great heights in all walks of life. The community gained national and international acclaim in the fields of Hindustani classical music, hockey, horticulture, agriculture and healthcare. The seed called Namdhari Khalsa, sown by Satguru Ram Singh ji in 1857, bloomed full during the reign of Satguru Jagjit Singh ji, spreading the fragrance of peace, love and service.

The fifty long years of Satguru Jagjit Singh ji’s reign was truly the golden era of the Namdhari sangat. The Satguru’s vision, spiritual strength and political wisdom, inspired Namdhari Sikhs to reach great heights in all walks of life. The community gained national and international acclaim in the fields of Hindustani classical music, hockey, horticulture, agriculture and healthcare. The seed called Namdhari Khalsa, sown by Satguru Ram Singh ji in 1857, bloomed full during the reign of Satguru Jagjit Singh ji, spreading the fragrance of peace, love and service.

## 7CHAPTER
### The Namdhari Sikh Diaspora

**ਬਾਬੇ ਤਾਰੇ ਚਾਰ ਚੱਕ ਨੌ ਖੰਡ ਪ੍ਰਿਥਮੀ ਸਚਾ ਢੋਆ॥**

Baabay Taaray Chaar Chak Nau Khand Prithamee Sachaa Ddhoaa.

**Baba liberated all four directions and nine divisions of earth.**

Exile from the motherland is a painful experience wrought with a sense of loss and insecurity. In 1890s, when the Namdhari Sikhs set out from Punjab to Thailand and Africa, they had to face many challenges. Along with the national identity as an Indian, the Namdhari Sikh migrant had to retain his spiritual and cultural moorings. This was not easy as in alien land he had to adapt himself to the ways of his new home. The numerous visits of Satguru Partap Singh ji and Satguru Jagjit Singh ji to Thailand and East Africa during their reigns gain significance in this context. Both the gurus realised the importance of building a strong sangat in these foreign lands and they were in constant touch with the Namdhari Sikhs living abroad. On the path of Guru Nanak, they aimed to spread the name of God “in all four directions and nine divisions of the

earth."

Today, a large number of Namdhari Sikhs live outside India. This diaspora is spread across Thailand, East Africa, United Kingdom, Europe, United States of America, Canada, Middle East and Australia. The story of their migration is intertwined with the colonial history of India. It was impelled by the ambition of the colonial masters to expand their Empire and the Namdhari community's desire for economic advancement.

During the nineteenth century, right from Shanghai to Singapore, the British police had a large presence of Sikhs. In 1867, the British Raj recruited one hundred Sikhs from Punjab to serve in the police force in the Far East, especially in Hong Kong. Later, when the British withdrew from these Far Eastern colonies, the Sikhs stayed on to pursue various professions, especially trading and farming.

The expansion of the British Empire in Africa demanded the building of Railways in the interiors of the continent. The recruitment of Indian labourers and carpenters to work on the railway lines started in the late nineteenth century. In 1890, a recruiting agency operated from Punjab and sent carpenters and craftsmen to work on Ugandan Railways in East Africa.

Hindus, Sikhs and other Indians migrated and men who belonged to the Ramgarhia caste formed a considerable number among them. After the completion of the work on the Ugandan railways in 1901, only a few men returned to India while the majority of the migrants made East Africa their home.

The story of the Sikh diaspora is a saga of hard work and enterprise. It is possible that the first generation Namdhari Sikh migrants would have opted to leave Punjab due to poverty, drought and political persecution.

In 1860s, the British Raj felt threatened by the popularity of Satguru Ram Singh ji and the spread of the Kuka movement in Punjab. In order to curtail the growth of the movement the British government passed many repressive laws. The British feared that if unchecked, the movement might lead to a mutiny like the 1857 War of Indian Independence.

Political persecution of Namdharis during the time of Satguru Ram Singh ji is a well-known fact. Namdharis could not practise their religion openly. They could not gather in groups of more than five and were subjected to imprisonment and harsh punishments for singing the Gurbani and holding religious discourses. There was a permanent Police Post at Sri Bhaini Sahib from 1872 till 1923 and police surveillance continued till 1947. These reasons could have also contributed to the migration of Namdharis to other lands.

While the working class Punjabi men voluntarily migrated to foreign countries for economic advancement, exile was forced on Satguru Ram Singh ji, the founder of the Namdhari Sant khalsa, by the British Raj. In 1872, soon after the Malerkotla incident, Satguru Ram Singh ji was deported without trial to Rangoon by the British on charges of waging a war against the British Empire.

**To be continued......**

# ਕਾਵਿ-ਕਿਆਰੀ

## ਸੂਬਾ ਕਹਿਣ ਲੱਗਾ ਸਾਹਿਬਜ਼ਾਦਿਆਂ ਨੂੰ

**ਸਾਬਰ ਹੁਸੈਨ ਮਲੇਰਕੋਟਲਾ**

ਸੂਬਾ ਕਹਿਣ ਲੱਗਾ ਸਾਹਿਬਜ਼ਾਦਿਆਂ ਨੂੰ,
ਕਾਕਾ ਇਸ ਤਰ੍ਹਾਂ ਹੈਂਕੜੀ ਕਰੀ ਦੀ ਨਹੀਂ
ਫਤਹਿ ਸਿੰਘ ਨੇ ਅੱਗੋਂ ਜਵਾਬ ਦਿੱਤਾ
ਮੌਤ ਬਿਨਾ ਸ਼ਹੀਦੀਓਂ ਵਰੀ ਦੀ ਨਹੀਂ।

ਥੋਡੇ ਭਲੇ ਦੀ ਆਖਦਾਂ ਮੰਨ ਜਾਓ
ਆਪਣਾ ਦਿਲ ਦੋਵੇਂ ਨੂਰੋ ਨਰ ਕਰ ਲਓ
ਜੇਕਰ ਜ਼ਿੰਦਗੀ ਦੀ ਕੀਮਤ ਸਮਝਦੇ ਓ
ਤਾਂ ਫਿਰ ਤੁਸੀਂ ਇਸਲਾਮ ਮੰਨਜ਼ੂਰ ਕਰ ਲਓ।

ਸਾਹਿਬਜ਼ਾਦਿਆਂ ਆਖਿਆ ਮੀਆਂ ਸੂਬੇ
ਓਏ ਆਸ਼ਿਕ ਬਦਲਦੇ ਨਹੀਂ ਕਦੇ ਨਿਸ਼ਾਨਿਆਂ ਨੂੰ
ਅਸੀਂ ਲੜਾਂਗੇ ਵਾਂਗ ਪਰਵਾਨਿਆਂ ਦੇ
ਮੋੜ ਸਕਦਾ ਏ ਕੌਣ ਪਰਵਾਨਿਆਂ ਨੂੰ।

ਗੁੱਸਾ ਖਾ ਕੇ ਬੋਲਿਆ ਫੇਰ ਸੂਬਾ
ਥੋਡੇ ਜਿਸਮ ਦੇ ਤੂੰਬੇ ਉੜਾ ਦਿਆਂਗਾ
ਫਤਹਿ ਸਿੰਘ ਨੇ ਕਿਹਾ ਮੀਆਂ ਯਾਦ ਰੱਖੀਂ
ਮੈਂ ਤਾਂ ਮੌਤ ਦੀ ਹੋਸ਼ ਭੁਲਾ ਦਿਆਂਗਾ।

ਫੇਰ ਬੋਲਿਆ ਸੂਬਾ ਕੁਝ ਨਰਮ ਹੋ ਕੇ
ਕਾਕਾ ਮੰਨ ਜਾਓ ਰੰਗ ਲਾ ਦਿਆਂਗਾ
ਮਲਕਤ ਮੌਤ ਦੀ ਗੋਦ 'ਚੋਂ ਕੱਢ ਥੋਨੂੰ
ਸ਼ਾਹੀ ਤਖ਼ਤ ਦੇ ਉੱਪਰ ਬਿਠਾ ਦਿਆਂਗਾ।

ਸਾਹਿਬਜ਼ਾਦਿਆਂ ਆਖਿਆ ਤੂੰ ਗਲਤ ਕਹਿਨਾਂ
ਓਏ ਅਣਖਾਂ ਤਕੜੀ 'ਤੇ ਕਦੋਂ ਤੁਲਦੀਆਂ ਨੇ
ਤੂੰ ਨਹੀਂ ਜਾਣਦਾ ਧਰਮ ਦੇ ਆਸ਼ਕਾਂ ਦੇ
ਪੈਰਾਂ ਹੇਠਾਂ ਹਕੂਮਤਾਂ ਰੁਲਦੀਆਂ ਨੇ।

ਕਾਕਾ ਜ਼ਿੰਦਗੀ ਪਰਤ ਕੇ ਨਹੀਂ ਮਿਲਦੀ
ਮੌਕੇ ਵੱਲ ਪਛਾਨਣਾ ਚਾਹੀਦਾ ਏ
ਇਹ ਸੰਸਾਰ ਬਹਿਸ਼ਤ ਦਾ ਰੂਪ ਬੀਬਾ
ਲੁੱਤਫ਼ ਜੀਵਨ ਜੀ ਮਾਨਣਾ ਚਾਹੀਦਾ ਏ।

ਲੁੱਤਫ਼ ਜੀਵਨ ਦਾ ਸੂਬਿਆ ਕਹੈਂ ਜਿਸਨੂੰ
ਸਾਨੂੰ ਬੁਜ਼ਦਿਲੀ ਦਾ ਇਹੋ ਸਰੂਪ ਦਿਸਦਾ
ਤੂੰ ਨਹੀਂ ਜਾਣਦਾ ਧਰਮ ਦੇ ਆਸ਼ਕਾਂ ਨੂੰ
ਮੌਤ ਜ਼ਿੰਦਗੀ ਦਾ ਇੱਕੋ ਰੂਪ ਦਿਸਦਾ।

ਕਾਕਾ ਤੁਸੀਂ ਇਆਣੇ ਹੋ ਜਾਣਦੇ ਨਹੀਂ
ਦੁੱਖ ਮਰਨ ਦੇ ਬਾਦ ਵੀ ਸਹੀਦਾ ਏ
ਅੱਲਾ ਤਾਲਾ ਮਿਹਰ ਨੂੰ ਨੌਨਿਹਾਲੋ
ਹਸ਼ਰ ਤੀਕ ਉਡੀਕਦੇ ਰਹੀਦਾ ਏ।

ਥੋਡੇ ਮਜ਼ਹਬ ਦਾ ਫ਼ਲਸਫ਼ਾ ਹੋਵੇਗਾ ਇਹ
ਕਿ ਸਮਾਂ ਕੰਬੜੇ ਵਿੱਚ ਲੰਘਾਈਦਾ ਏ
ਸਾਡਾ ਧਰਮ ਤਾਂ ਦੱਸਦਾ ਏ ਖ਼ਾਨ ਸਾਹਬ
ਚੋਲਾ ਛੱਡੀਦਾ ਏ ਚੋਲਾ ਪਾਈਦਾ ਏ।

ਗੱਜ ਕੇ ਕਿਹਾ ਸੂਬੇ ਹੈਂਕੜ ਭੁੱਲ ਜਾ ਸੀ
ਖੰਡਾ ਜਦੋਂ ਜਲਾਦ ਨੇ ਤਾਣ ਦੇਣਾ
ਭਬਕ ਮਾਰ ਕੇ ਸ਼ੇਰਾਂ ਨੇ ਕਿਹਾ ਅੱਗੋਂ
ਜਾਨ ਦਿਆਂਗੇ ਧਰਮ ਨਹੀਂ ਜਾਣ ਦੇਣਾ।

ਲਾਲਚ ਰਾਜ ਦਾ ਮੌਤ ਦਾ ਖੌਫ ਦੇ ਕੇ
ਬੇਈਮਾਨ ਹਰ ਚਾਲ ਅਜਮਾ ਥੱਕਿਆ
ਥਿਰਕੇ ਪੈਰ ਨਾ ਧਰਮ ਦੇ ਆਸ਼ਕਾਂ ਦੇ
ਸੂਬਾ ਜੋਰ ਸਾਰਾ ਆਪਣਾ ਲਾ ਥੱਕਿਆ।

ਤੱਕ ਸੂਬੇ ਨੇ ਬੜੀ ਲੜਾਈ ਏ
ਪਰ ਲੱਭਿਆ ਰੱਖ ਕੇ ਨਹੀਂ ਓਹਨੂੰ ਤਕਰਾਰ ਦੇ ਵਿੱਚ
ਆਖਿਰ ਜਾਲਮ ਨੇ ਇਸ ਤਰਾਂ ਹੁਕਮ ਦਿੱਤਾ
ਜਿੰਦਾ ਦੋਹਾਂ ਨੂੰ, ਚਿਣੋ ਦੀਵਾਰ ਵਿੱਚ।

ਜੋੜੀ ਹੰਸਾਂ ਦੀ ਖੜ ਗਈ ਮਸਤ ਹੋ ਕੇ
ਤੇ ਰਦੇ ਲੱਗਣੇ ਸ਼ੁਰੂ ਸਰਕਾਰ ਕਹਿ ਗਏ
ਸੂਰਤ ਦੋ ਮਾਸੂਮ ਸ਼ਹਿਜਾਦਿਆਂ ਦੀ
ਰਾਜ ਰੋਣ ਲੱਗੇ ਬੇਕਰਾਰ ਹੋ ਗਏ।

ਜਦੋਂ ਗੋਡਿਆਂ ਤੀਕਰਾਂ ਕੰਧ ਆ ਗਈ
ਇੱਟ ਭੰਨ ਕੇ ਲੌਣ ਜੱਲਾਦ ਲੱਗਾ
ਜੋਰਾਵਰ ਨੇ ਆਖਿਆ ਕਾਤਲਾ ਓਏ
ਤੂੰ ਕਾਹਤੋਂ ਸਮੇਂ ਨੂੰ ਕਰਨ ਬਰਬਾਦ ਲੱਗਾ।

ਸਾਡਾ ਇਸ਼ਕ ਠਕੋਰ ਕੇ ਪਰਖ ਤਾਂ ਲੈ
ਬੇੜੀ ਇਸ਼ਕ ਦੀ ਕਾਹਤੋਂ ਮੋੜਦਾ ਐਂ
ਮੀਆਂ ਕੰਧ ਜੇਕਰ ਵਿੰਗੀ ਹੋ ਰਹੀ ਏ
ਤੂੰ ਗੋਡੇ ਛਿੱਲ ਦੇ ਇੱਟ ਕਿਉਂ ਤੋੜਦਾ ਐਂ।

ਮੀਆਂ ਕਾਤਲਾ ਧਰਮ ਦੇ ਪੁਤਲਿਆਂ ਨੂੰ
ਤੇਰੇ ਤਰਸ ਦੀ ਨਜ਼ਰ ਨਹੀਂ ਠੱਗ ਸਕਦੀ
ਸਿੱਖ ਧਰਮ ਦੇ ਏਸ ਮਹੱਲ ਤਾਈਂ
ਟੁੱਟੀ ਹੋਈ ਕੋਈ ਇੱਟ ਨਹੀਂ ਲੱਗ ਸਕਦੀ।

ਕੰਬ ਗਿਆ ਜਲਾਦ ਇਹ ਸ਼ਬਦ ਸੁਣ ਕੇ
ਉਸ ਦੇ ਖੌਫ ਨੇ ਕੱਢ ਕੜਿੱਲ ਦਿੱਤੇ
ਧਾਹਾਂ ਮਾਰਦੇ ਰਹੇ ਜੱਲਾਦ ਆਖਰ
ਰੱਖੀ ਇੱਟ ਸਾਬਤ ਗੋਡੇ ਢਿੱਲ ਦਿੱਤੇ।

ਆਖਰ ਕੰਧ ਜਦ ਹਿੱਕ ਤੋਂ ਹੋਈ ਉੱਚੀ
ਫਤਹਿ ਸਿੰਘ ਜਦ ਮੁੱਖ ਛੁਪਾਉਣ ਲੱਗੇ
ਜੋਰਾਵਰ ਦੇ ਨੈਣਾਂ ਦੇ ਵਿੱਚ ਹੰਝੂ
ਥਿਰਕ ਥਿਰਕ ਬੁਝਾਰਤਾਂ ਪਾਉਣ ਲੱਗੇ।

ਛੋਟੇ ਵੀਰ ਨੇ ਆਖਿਆ ਵੱਡੇ ਵੀਰਾ
ਇਹ ਕੀ ਹੋ ਰਿਹਾ ਏ ਇਹ ਕੀ ਕਰ ਰਿਹਾ ਏਂ
ਕੀ ਮੈਂ ਚਿੱਤ ਦੇ ਵਿੱਚ ਵਿਸ਼ਵਾਸ ਕਰ ਲਾਂ
ਕਿ ਤੂੰ ਮੌਤ ਨੂੰ ਦੇਖ ਕੇ ਡਰ ਰਿਹਾ ਏਂ
ਵੱਡੇ ਵੀਰ ਨੇ ਆਖਿਆ ਨਹੀਂ ਚੰਨਾਂ
ਪਸ਼ਚਾਤਾਪ ਮੈਂ ਇਸ ਲਈ ਕਰ ਰਿਹਾ ਏਂ

ਤੈਥੋਂ ਜ਼ਿੰਦਗੀ ਪਾਈ ਸੀ ਮੈਂ ਪਹਿਲਾਂ
ਪਰ ਤੂੰ ਮੌਤ ਮੈਥੋਂ ਪਹਿਲਾਂ ਵਰ ਰਿਹਾ ਏਂ।

ਸਖਤੇ ਵਿੱਚ ਆ ਗਿਆ ਆਕਾਸ਼ ਮੰਡਲ
ਧਰਤੀ ਧਰਮ ਦੇ ਧੌਲ ਤੋਂ ਸਿੱਟ ਹੋ ਗਈ
ਇੱਟ ਇੱਟ ਲਾ ਕੇ ਕੱਚੀ ਸੀ ਕੰਧ ਜੋ
ਪਲਕ ਝਪਕਦੇ ਈ ਇੱਟ ਇੱਟ ਹੋਗੀ।

ਆਉਣ ਜਾਣ ਰਹਿੰਦਾ ਧਰਤ 'ਤੇ ਸੂਰਮਿਆਂ ਦਾ
ਇਕ ਪਾਕ ਰੂਹਾਂ ਨਾਂ ਕਦੇ ਵੀ ਨਿਉਂਦੀਆਂ ਨੇ
ਜਿਹੜੀ ਕੌਮ ਦੇ ਮਰਦ ਦਲੇਰ ਹੁੰਦੇ
ਓਹ ਕੌਮਾਂ ਮਰ ਕੇ ਵੀ ਜੱਗ ਤੇ ਜਿਉਂਦੀਆਂ ਨੇ।

## ਦੋ ਤਾਰੇ

**ਕਿਰਪਾ ਸਿੰਘ**

ਆਗਿਆ ਲੈ ਕੇ ਚੰਨ ਦੇ ਕੋਲੋਂ
ਵਾਰੋ-ਵਾਰੀ ਆਏ ਦੋ ਤਾਰੇ।

ਨਾਲ ਹਨੇਰੇ ਜੂਝਣ ਆਏ
ਸਾਰਿਆਂ ਨਾਲੋਂ ਵਖ ਲਿਸ਼ਕਾਰੇ।

ਜਾਂ ਫਿਰ ਫੁੱਲ ਅਗਮੀ ਵਿਚੋਂ
ਅਸੀਸਾਂ ਲੈਂ ਖੁਸ਼ਬੋਆਂ ਚਲੀਆ।

ਜਾਂ ਫਿਰ ਥਾਪੜਾ ਭਾਨ ਤੋਂ ਲੈ ਕੇ
ਸਰਘੀ ਵੇਲੇ ਲੋਆਂ ਚਲੀਆਂ।

ਦੋਹਾਂ ਨੂੰ ਜਾਂ ਧਰਮ ਤੋਰਿਆ
ਅਣਖ ਬੀਰਤਾ ਚਲੇ ਦੋਵੇਂ।

ਸਜਾ ਦੇਣ ਲਈ ਪਾਪ ਨੂੰ ਰੱਬ ਨੇ
ਕਾਲ ਮੌਤ ਨੇ ਘੱਲੇ ਦੋਵੇਂ।

# ਮਾ. ਅਮਰੀਕ ਸਿੰਘ ਜੀ ਦੀ ਯਾਦ ਵਿੱਚ

**ਲਖਵਿੰਦਰ ਸਿੰਘ ਬਾਜਵਾ**

ਵਾਹ ਮਾਸਟਰ ਅਮਰੀਕ ਸਿੰਘ, ਸਭਨਾਂ ਦੇ ਉਸਤਾਦ।
ਸਭ ਦੇ ਮਨ ਵਿੱਚ ਵੱਸਦੇ, ਸਭ ਨੂੰ ਰਹਿਸੀ ਯਾਦ।
ਬਹੁਤ ਪਿਆਰੇ ਸ਼ਖਸ਼ ਉਹ, ਸਭ ਨੂੰ ਕਰਦੇ ਪਿਆਰ।
ਏਸੇ ਕਰ ਕੇ ਹੋ ਗਏ, ਪਾਤਰ ਉੱਚ ਸਤਿਕਾਰ।

ਉਹਨਾਂ ਕੋਲ ਅਤੁੱਟ ਸੀ, ਕਵਿਤਾ ਦਾ ਭੰਡਾਰ ।
ਉਹ ਡਿੱਠੇ ਸਮਰੱਥ ਸਨ, ਸਾਹਿਤ ਸਿਰਜਨਹਾਰ।
ਸਤਿਗੁਰ ਤੋਂ ਵਰੋਸਾਏ, ਮਨ ਵੱਸਿਆ ਮਨ ਮੀਤ।
ਸਾਧੂ ਸ਼ਾਂਤ ਸੁਭਾ ਦੇ, ਵਿੱਚ ਗ੍ਰਹਿਸਤ ਅਤੀਤ।

ਲੇਖਕ ਉੱਚ ਦੁਮਾਲੜੇ, ਸਾਹਿਤ ਸਭਾ ਦਾ ਮਾਣ।
ਸਾਹਿਤਕਾਰ ਸਮਰੱਥ ਉਹ, ਉੱਚੀ ਸੁੱਚੀ ਸ਼ਾਨ।
ਚਸ਼ਮਾ ਕਾਵਿਕ ਬਹਿਰ ਦਾ,ਧਨੀ ਕਲਮ ਦਾ ਵੀਰ।
ਮੇਰ ਤੇਰ ਤੋਂ ਦੂਰ ਕੋਹ, ਮੌਲਾ ਮਸਤ ਫ਼ਕੀਰ।

ਬਾਨਵੇਂ ਸਾਲਾ ਹੁੰਦਿਆਂ, ਲੱਗਣ ਅਜੇ ਜੁਆਨ।
ਕਸਰਤ ਕਾਇਆ ਸਾਧ ਕੇ, ਤੰਦਰੁਸਤ ਇਨਸਾਨ।
ਸਫਰ ਸਦੀ ਦਾ ਕਰਦਿਆਂ, ਛੱਡ ਅਨੋਖੀ ਛਾਪ।
ਦੇ ਕੇ ਰਿਸ਼ਮਾਂ ਕੀਮਤੀ, ਛੁਪਿਆ ਚੰਦਾ ਆਪ।

ਦੁੱਖ ਨਾ ਜਰਦੇ ਕਿਸੇ ਦਾ, ਅਤਿ ਸੰਵੇਦਨਸ਼ੀਲ।
ਅੰਦਰ ਸਾਹਿਤਕ ਹਲਕਿਆਂ, ਉਹ ਸਨ ਪੱਥਰ ਮੀਲ।
ਉਹ ਸੋਹਣਾ ਦਿਲਦਾਰ ਸੀ, ਵੰਡਦਾ ਗਿਆ ਪਿਆਰ।
ਨਾਲ ਕਿਸੇ ਦੇ ਵੈਰ ਨਾ, ਸਭਨਾ ਦਾ ਦਿਲਦਾਰ।

ਨਹੀ ਵਖਾਵਾ ਜਰਾ ਵੀ, ਅੰਦਰੋਂ ਬਾਹਰੋਂ ਇੱਕ।
ਉੱਜਲ ਉਹ ਕਿਰਦਾਰ ਦੇ, ਨਿਰਮਲ ਉੱਜਲੀ ਦਿੱਖ।
ਉਹਨਾ ਅੰਦਰੋਂ ਫੁੱਟਦਾ, ਸੋਮਾ ਸਾਹਿਤ ਗਿਆਨ।
ਉਹ ਕਾਦਰ ਦਾ ਗਿਫਟ ਸੀ, ਕੁਦਰਤ ਦਾ ਵਰਦਾਨ।

ਦੇਂਦੇ ਤੁਰ ਗਏ ਜਗਤ ਨੂੰ, ਅਮਨਾਂ ਦਾ ਪੈਗਾਮ।
ਵਿੱਦਿਆ ਵੰਡਦੇ ਪਾ ਲਿਆ, ਮਾਸਟਰ ਦਾ ਉਪਨਾਮ।
ਤਿੰਨ ਪੀੜ੍ਹੀਆਂ ਨੂੰ ਸੀ, ਦਿੱਤਾ ਵਿਦਿਆ ਦਾਨ।
ਲੱਗਭਗ ਅੱਧੀ ਸਦੀ ਹੀ, ਵੰਡਿਆ ਖੂਬ ਗਿਆਨ।

ਉਹ ਸੀ ਸਾਡੀ ਸਭਾ ਦੇ, ਸੋਹਣੇ ਸਾਇਬਾਨ।
ਚਾਨਣ ਰਿਸ਼ਮਾਂ ਵੰਡਦੇ,ਸੀਤਲ ਸਸੀ ਸਮਾਨ।
ਉਹਨਾਂ ਅੰਦਰ ਰੱਬ ਨੇ, ਭਰਿਆ ਗੁਣ ਭੰਡਾਰ।
ਰਿਖੀਆਂ ਵਰਗਾ ਜੀਵਣਾ, ਜੀਵਨ ਉੱਚ ਮਿਆਰ।

ਛੰਦਾਬੱਧੀ ਕਾਵਿ ਦਾ, ਉਹ ਸੀ ਬਾਬਾ ਬੋੜ੍ਹ।
ਪੱਲੇ ਨੇਕੀ ਨਿਮਰਤਾ, ਛਾਂ ਠੰਡੀ ਬੇਜੋੜ।
ਚੇਲੇ ਲੱਖਾਂ ਉਹਨਾਂ ਦੇ, ਮੇਰੇ ਵੀ ਉਸਤਾਦ।
ਏਨਾ ਪਿਆਰ ਖਿਲਾਰਿਆ, ਰਹਿਸੀ ਹਰਦਮ ਯਾਦ।

ਪਾ ਪ੍ਰੀਤਾਂ ਗੂੜ੍ਹੀਆਂ, ਤੁਰ ਗਏ ਯਾਰ ਵਿਸਾਰ।
ਸਾਨੂੰ ਜਾਂਦੇ ਦੇ ਗਏ, ਹੰਝੂਆਂ ਵਾਲੇ ਹਾਰ।
ਪ੍ਰੀਤਾਂ ਦਾ ਵਣਜਾਰੜਾ, ਤੁਰਿਆ ਪ੍ਰੀਤ ਵਿਸਾਰ।
ਮਹਾਂ ਕਵੀ ਨੂੰ ਬਾਜਵਾ, ਸਿਜਦਾ ਕਰਾਂ ਹਜ਼ਾਰ।

# ਸੁੱਚੇ-ਮੋਤੀ

## ਅਨੰਦ ਵਿੱਚ 'ਬੇ'

20 ਜਨਵਰੀ 1978 ਨਵੀਂ ਦਿੱਲੀ ਵਿਖੇ ਪੂਸਾ ਰੋਡ ਕੋਠੀ ਵਿੱਚ ਏਥੇ ਗਲੀਚੇ ਉੱਤੇ ਹੋਰ ਵੀ ਪ੍ਰੇਮੀ ਬੈਠੇ ਹੋਏ ਸਨ। ਦੋ ਸਰੀਰਾਂ ਦਾ ਲੜਕੀ ਤੇ ਲੜਕੇ ਦੇ ਵਿਵਾਹਤ ਜੀਵਨ ਬਾਰੇ ਝਗੜਾ ਸੀ। ਸਤਿਗੁਰੂ ਜੀ ਨੇ ਫੈਸਲਾ ਸੁਣਾਇਆ- ਲੜਕੇ ਵਾਲੇ ਲੜਕੀ ਨੂੰ (ਪਤੀ ਆਪਣੀ ਪਤਨੀ ਨੂੰ) ਜਾ ਕੇ ਲੈ ਆਉਣ ਤੇ ਮਹੀਨੇ ਵਿੱਚ ਦੋ ਵਾਰ ਲੜਕਾ ਲੜਕੀ ਨੂੰ ਪੇਕੇ ਘਰ ਇਕ ਦੋ ਦਿਨ ਮਿਲਾ ਲਿਆਵੇ। (ਪੇਕੇ ਨੇੜੇ ਹੀ ਸਨ)।

ਲੜਕੇ ਵਾਲਿਆਂ ਅਰਜ਼ ਕੀਤੀ- "ਮਹੀਨੇ ਵਿੱਚ ਇੱਕੋ ਵਾਰ ਹੀ?"

"ਨਹੀਂ ਘੱਟੋ-ਘੱਟ ਦੋ ਮਹੀਨੇ ਇੰਜ ਹੀ ਚੱਲੋ।"

ਲੜਕੀ ਵਾਲੇ ਨੇ ਆਪਣੀ ਪੁੱਤਰੀ ਦੀ ਦਰਦ ਕਹਾਣੀ ਵਿਸਤਾਰਨੀ ਚਾਹੀ ਤਾਂ ਸਤਿਗੁਰੂ ਜੀ ਬਚਨ ਕੀਤਾ- ਜੇ ਫੱਟੀ ਪੋਚਣੀ ਹੋਵੇ ਤਾਂ ਗਾਚੀ ਵਧੇਰੇ ਲਾਈਏ ਤਾਂ ਕਿ ਹੇਠਲੇ ਅੱਖਰ ਨਾ ਦਿੱਸਣ। ਪਿਛਲੀਆਂ ਗੱਲਾਂ ਨਾ ਛੋਹੋ। ਸਿੰਘ ਨੇ ਇਕ ਦੋ ਵਾਰ ਫਿਰ ਆਪਣੀ ਗੱਲ ਕਰਨ ਦੀ ਕੋਸ਼ਿਸ਼ ਕੀਤੀ। ਸਤਿਗੁਰੂ ਜੀ ਨੇ ਰੋਕਿਆ ਹੋਰ ਵੀ ਮਿਸਾਲਾਂ ਦੇ ਕੇ।

ਅੱਧਾ ਪੌਣਾ ਘੰਟਾ ਬਾਅਦ ਮਾਤਾ ਚੰਦ ਕੌਰ ਜੀ ਨੇ ਲੜਕੇ ਤੇ ਲੜਕੀ ਦੀ ਮਾਤਾ ਨੂੰ ਵੱਖ ਕਰਕੇ ਸਮਝਾਇਆ ਅਤੇ ਸਤਿਗੁਰੂ ਜੀ ਨੇ ਸੰਤ ਸਤਨਾਮ ਸਿੰਘ ਤੇ ਸੰਤ ਗੁਰਦੀਪ ਸਿੰਘ ਢੋਡਾ (ਦੋਵੇਂ ਰਮੇਸ਼ ਨਗਰ) ਦੀ ਡਿਊਟੀ ਲਾਈ ਕਿ ਜਦੋਂ ਲੜਕਾ ਆਵੇ ਨਾਲ ਜਾ ਕੇ ਲੜਕੀ ਤੁਰਵਾ ਦੇਣੀ।

ਸਤਿਗੁਰੂ ਜੀ ਨੇ ਲੜਕੇ ਦੇ ਪਿਤਾ ਅਤੇ ਲੜਕੇ ਨੂੰ ਸਮਝਾਇਆ- ਲੜਕਾ ਪੱਗ ਸਿੱਧੀ ਰੱਖੇ ਅਤੇ ਪਤਨੀ ਨੂੰ ਵੀ ਮਨੋਂ ਜਿੱਤ ਕੇ ਆਪਣੇ ਵੱਲ ਦੀ ਕਰੇ। ਕਿਸੇ ਤਰ੍ਹਾਂ ਦੇ ਲੈਣ ਦੇਣ ਦੀ ਗੱਲ ਕਦੇ ਨਾ ਕੀਤੀ ਜਾਏ। ਸਿੱਖ ਸਫ਼ਾਈ ਦੇਣ ਲੱਗਾ। ਸਤਿਗੁਰਾਂ ਫੁਰਮਾਇਆ- 'ਸਫ਼ਾਈ ਦੀ ਲੋੜ ਨਹੀਂ, ਗੱਲ ਆਖੀ ਹੋਣ ਤੇ ਮੰਨ ਲੈਣ ਦੀ ਹੈ।"

ਮਿਸਾਲ ਦਿੱਤੀ ਸਤਿਗੁਰਾਂ- "ਸੱਪ ਬਾਰੇ ਜੇ ਕੋਈ ਆਖੇ ਕਿ ਡੇਢ ਗਜ ਲੰਮਾ ਏ ਤਾਂ ਵੀ ਮੰਨ ਲਉ, ਜੇ ਕੋਈ ਕਹੇ ਕਿ ਗਿੱਠ ਕੁ ਜਿੱਡਾ ਸੀ, ਉਹ ਵੀ ਮੰਨਣ ਵਾਲੀ ਗੱਲ ਏ। ਸੱਪ ਤਾਂ ਸੱਪ ਹੀ ਏ।"

## ਆਪਣਿਆਂ ਦਾ ਫ਼ਿਕਰ

ਰਾਤੀਂ 11.15 ਵਜੇ ਲੀੜੇ ਲਾਹ ਕੇ ਬਿਸਤਰੇ ਵਿੱਚ ਵੜਿਆ ਹੀ ਸਾਂ ਕਿ ਬੈਟਰੀ ਦਾ ਚਾਨਣ ਸਾਡੇ ਕਮਰੇ ਵੱਲ ਆਉਂਦਿਆਂ ਵੇਖਿਆ। ਫਿਰ ਦੋ ਮੂਰਤੀਆਂ ਕਮਰੇ ਵਿੱਚ ਦਾਖਲ ਹੋਈਆਂ। ਮੇਰੇ ਵਾਲਾ ਕਮਰਾ ਛੱਡ ਅਗਲੇ ਵੱਲ ਹੋਈਆਂ। ਚਾਲਕ ਰਘੁਬੀਰ ਸਿੰਘ ਨੂੰ ਵੇਖਿਆ ਤੇ ਮੁੜ ਆਈਆਂ। ਇਹ ਸਤਿਗੁਰੂ ਜੀ ਹੀ ਸਨ, ਜੋ ਸ. ਹੰਸਪਾਲ ਨੂੰ ਨਾਲ ਲੈ ਕੇ ਆਏ ਸਨ। ਰਘੁਬੀਰ ਸਿੰਘ ਦਾ ਪਤਾ ਕਰਨ ਏਨੀ ਕੁਵੇਲੇ ਆਉਣਾ ਦੋ ਗੱਲਾਂ ਦਾ ਸੂਚਕ ਸੀ। ਇਕ ਤਾਂ ਉਸਦੀ ਸਿਹਤ ਬਾਰੇ ਫ਼ਿਕਰ, ਦੂਜਾ ਕਿ ਆਪ ਜੀ ਨੂੰ ਅਜੇ ਵੀ ਆਰਾਮ ਦਾ ਮੌਕਾ ਨਹੀਂ ਮਿਲਿਆ।

## ਵਿਨੋਦ ਬਚਨ

ਦੋ "ਚੁਟਕੀਆਂ" ਵੀ ਲਈਆਂ ਗਈਆਂ। ਸੰਤ ਆਤਮਾ ਸਿੰਘ ਸਨਖੱਤ੍ਰਾ (ਅਨੰਦ ਕਾਰਜਾਂ ਦੇ ਪ੍ਰਬੰਧਕ) ਨੂੰ ਟਟੋਲਿਆ ਜਾ ਰਿਹਾ ਸੀ। ਦੀਵਾਨ ਵਿੱਚ ਸਨਖੱਤ੍ਰਾ ਸਾਹਿਬ ਆਏ ਤਾਂ ਸਤਿਗੁਰਾਂ ਕਿਹਾ- "ਤੈਨੂੰ ਮਹਾਰਾਜ ਜੀ ਚੇਤੇ ਕਰਦੇ ਪਏ ਹਨ, ਤੂੰ ਕਿੱਥੇ ਸੈਂ?" ਸਨਖੱਤਰਾ- "ਮੈਨੂੰ ਤਾਂ ਜੀ ਵਿਆਹਾਂ ਵਾਲੇ ਹੀ ਦਮ ਨਹੀਂ ਲੈਣ ਦਿੰਦੇ?" ਸਤਿਗੁਰੂ ਜੀ ਵਿਨੋਦ ਕੀਤਾ- "ਤੁਸੀਂ ਕਹਿ ਦਿਓ ਮੈਂ ਵਿਆਹ ਨਹੀਂ ਕਰਵਾਣਾ?"

ਸਨਖਤਰਾ ਨੇ "ਸਤਿਜੁਗ" ਦੇ ਚੰਦਿਆਂ ਅਤੇ ਆਪਣੀ ਨਵੀਂ ਰਚਨਾ ਬਾਰੇ ਸੰਗਤ ਨੂੰ ਦੱਸਿਆ ਤੇ ਵਿੱਕਰੀ ਲਈ ਪ੍ਰੇਰਿਆ। ਏਨੇ ਵਿੱਚ ਸੰਤ ਸਵਰਨ ਸਿੰਘ ਸਨੇਹੀ ਨੰਗੀਂ ਲੱਤੀਂ ਆ ਮੱਥਾ ਟੇਕਿਆ। ਸੱਚੇ ਪਾਤਸ਼ਾਹ ਮੌਜ ਵਿੱਚ ਬੋਲੇ- "ਪਜਾਮਾ ਲਾਹ ਕੇ ਆਏ ਹੋ, ਵਿਆਹ ਤਾਂ ਕੱਲ ਹੋਣੇ ਹਨ।

# ਬੱਚਿਆਂ ਦਾ ਪੰਨਾ

## ਚਮਕੌਰ ਦੀ ਗੜ੍ਹੀ

ਆਨੰਦਪੁਰ ਸਾਹਿਬ ਦੇ ਕਿਲੇ ਨੂੰ ਪਹਾੜੀ ਰਾਜੇ ਅਤੇ ਮੁਗਲ ਫ਼ੌਜ ਦਾ ਘੇਰਾ ਪਿਆਂ ਲਗਭਗ ਇੱਕ ਸਾਲ ਹੋ ਗਿਆ। ਕਿਲੇ ਅੰਦਰ ਸਿੱਖਾਂ ਦੀ ਰਸਦ ਖਤਮ ਹੋ ਚੁੱਕੀ ਸੀ। ਪਹਾੜੀ ਰਾਜਿਆਂ ਨੇ ਗੁਰੂ ਜੀ ਨੂੰ ਕਿਲਾ ਛੱਡਣ ਵਾਸਤੇ ਆਖਿਆ, ਗੁਰੂ ਸਾਹਿਬ ਨਹੀਂ ਮੰਨੇ। ਉਧਰ ਕੁਝ ਸਿੰਘ ਬੇਦਾਵਾ ਲਿਖ ਕੇ ਚਲੇ ਗਏ। ਪਹਾੜੀਆਂ ਨੇ ਆਟੇ ਦੀ ਗਊ ਬਣਾ ਹਮਲਾ ਨਾ ਕਰਨ ਦੀ ਕਸਮ ਖਾਧੀ। ਸਤਿਗੁਰੂ ਜੀ ਨੇ ਕਿਲਾ ਛੱਡਣ ਦਾ ਹੁਕਮ ਦਿੱਤਾ। ਮੁਗਲਾਂ ਦੀ ਫ਼ੌਜ ਨੇ ਅਤੇ ਪਹਾੜੀ ਰਾਜਿਆਂ ਨੇ ਸਭ ਕਸਮਾਂ ਤੋੜ ਸਤਿਗੁਰੂ ਜੀ ਦਾ ਪਿੱਛਾ ਕੀਤਾ। ਸਰਸਾ ਨਦੀ ਪਾਰ ਕਰਦਿਆਂ ਪਰਿਵਾਰ ਦਾ ਵਿਛੋੜਾ ਪਿਆ। ਸਤਿਗੁਰੂ ਜੀ ਨਾਲ ਸਿੰਘਾਂ ਨੇ ਸਰਸਾ ਨਦੀ ਪਾਰ ਕਰ ਚਮਕੌਰ ਸਾਹਿਬ ਆ ਗੜੀ ਵਿਚ ਡੇਰਾ ਕੀਤਾ। ਇਸ ਗੜੀ ਵਿੱਚ ਸਾਹਿਬਜਾਦਿਆਂ ਸਮੇਤ 35 ਸਿੰਘ ਸ਼ਹੀਦ ਹੋ ਗਏ। ਸਿੰਘਾਂ ਨੇ ਸਤਿਗੁਰੂ ਜੀ ਨੂੰ ਚਲੇ ਜਾਣ ਦੀ ਬੇਨਤੀ ਕੀਤੀ। ਅਰਜ਼ ਮੰਨ ਸਤਿਗੁਰੂ ਜੀ ਮਾਛੀਵਾੜੇ ਆ ਗਏ।

..............................................................

## ਸਾਕਾ ਸਰਹਿੰਦ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਸਾਹਿਬ ਨਿਵਾਸ ਕਰ ਰਹੇ ਸਨ। ਇੱਕ ਦਿਨ ਮਾਤਾ ਜੀਤੋ ਨੇ ਸਤਿਗੁਰੂ ਜੀ ਨੂੰ ਆ ਕੇ ਅਰਜ਼ ਕੀਤੀ ਤੇ ਆਪਣੇ ਸੁਪਨੇ ਬਾਰੇ ਦੱਸਿਆ। ਸਤਿਗੁਰੂ ਜੀ ਦੇ ਪੁੱਛਣ ਤੇ ਮਾਤਾ ਜੀ ਨੇ ਕਿਲਾ ਛੱਡਣ ਤੋਂ ਲੈ ਕੇ ਸ਼ਾਹਿਬਜ਼ਾਦਿਆ ਦੀ ਸ਼ਹੀਦੀ ਬਾਰੇ ਸਾਰਾ ਹਾਲ ਦੱਸਿਆ। ਸਤਿਗੁਰੂ ਜੀ ਬਚਨ ਕੀਤਾ ਪ੍ਰਮੇਸ਼ਰ ਦੀ ਇਸੇ ਤਰਾਂ ਹੀ ਰਜ਼ਾ ਹੈ। ਮਾਤਾ ਜੀ ਕਿਹਾ ਮੈਂ ਇਹ ਸਭ ਨਹੀਂ ਵੇਖ ਸਕਦੀ। ਸਤਿਗੁਰੂ ਜੀ ਬਚਨ ਕੀਤਾ ਤੁਸੀਂ ਅਰਦਾਸ ਕਰੋ ਕਿ ਤੁਹਾਨੂੰ ਇਹ ਕੁਝ ਵੇਖਣਾ ਹੀ ਨਾ ਪਵੇ। ਕਿਲਾ ਛੱਡਣ ਤੋਂ ਸਾਲ ਕੁ ਪਹਿਲਾਂ ਮਾਤਾ ਜੀ ਸਰੀਰ ਤਿਆਗ ਗਏ। ਸਮੇਂ ਅਨੁਸਾਰ ਕਿਲਾ ਛੱਡਣਾ ਪਿਆ। ਸਰਸਾ ਨਦੀ 'ਤੇ ਪਰਿਵਾਰ ਖੇਰੂੰ- ਖੇਰੂੰ ਹੋ ਗਿਆ। ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਗੰਗੂ ਰਸੋਈਆ ਆਪਣੇ ਘਰ ਲੈ ਗਿਆ। ਮਾਤਾ ਜੀ ਕੋਲ ਮਾਇਆ ਵੇਖ ਗੰਗੂ ਦਾ ਮਨ ਬੇਈਮਾਨ ਹੋ ਗਿਆ। ਰਾਤ ਨੂੰ ਮਾਇਆ ਚੁੱਕ ਕੇ ਘਰ ਵਿਚ ਚੋਰੀ ਹੋਣ ਦਾ ਰੌਲਾ ਪਾਉਣ ਲੱਗਾ। ਮਾਤਾ ਜੀ ਦੇ ਰੋਕਣ ਤੇ ਗੁੱਸੇ ਵਿਚ ਆ ਕੇ ਸਵੇਰੇ ਮੁਰਿੰਡੇ ਥਾਣੇ ਇਤਲਾਹ ਦਿੱਤੀ। ਸਿਪਾਹੀਆਂ ਨੇ ਆ ਕੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਨੂੰ ਗ੍ਰਿਫ਼ਤਾਰ ਕਰ ਕੇ ਸਰਹੰਦ ਲਿਜਾ ਸੂਬੇ ਵਜੀਦ ਖਾਂ ਦੀ ਕਚਿਹਰੀ ਵਿੱਚ ਪੇਸ਼ ਕੀਤਾ। ਸਾਹਿਬਜ਼ਾਦਿਆਂ ਨੇ ਜਾਂਦਿਆਂ ਹੀ ਗੱਜ ਕੇ ਫਤੇ ਬੁਲਾਈ। ਸੂਬੇ ਨੇ ਕ੍ਰੋਧ ਵਿੱਚ ਆ ਠੰਡੇ ਬੁਰਜ ਵਿਚ ਬੰਦ ਕਰਨ ਦਾ ਹੁਕਮ ਦਿੱਤਾ। ਅਗਲੇ ਦਿਨ ਫਿਰ ਪੇਸ਼ੀ ਹੋਈ। ਸਾਹਿਬਜ਼ਾਦਿਆਂ ਨੂੰ ਇਸਲਾਮ ਮੰਨਣ ਲਈ ਬੜੇ ਲਾਲਚ ਅਤੇ ਡਰਾਵੇ ਦਿੱਤੇ ਗਏ ਪਰ ਸਾਹਿਬਜ਼ਾਦੇ ਨਾ ਡੋਲੇ। ਸ਼ੇਰ ਖਾਨ ਮਲੇਰ ਕੋਟਲੇ ਵਾਲੇ ਨੇ ਮਾਸੂਮਾਂ ਨੂੰ ਛੱਡਣ ਲਈ ਹਾਅ ਦਾ ਨਾਹਰਾ ਮਾਰਿਆ ਪਰ ਦੀਵਾਨ ਸੁੱਚਾ ਨੰਦ ਦੇ ਸੂਬੇ ਨੂੰ ਫਿਰ ਤੋਂ ਭੜਕਾ ਦਿੱਤਾ। ਕਾਜੀ ਨੇ ਦੋਹਾਂ ਲਾਲਾਂ ਨੂੰ ਦਿਵਾਰਾਂ ਵਿਚ ਚਿਨਵਾਉਣ ਦਾ ਫ਼ਤਵਾ ਲਾਇਆ। ਸਾਹਿਬਜ਼ਾਦਿਆਂ ਨੂੰ ਦੀਵਾਰ ਵਿੱਚ ਚਿਣਵਾ ਦਿੱਤਾ, ਮੋਢਿਆਂ ਤੱਕ ਆ ਕੇ ਕੰਧ ਡਿੱਗ ਗਈ ਤੇ ਸਾਹਿਬਜ਼ਾਦੇ ਬੇਹੋਸ਼ ਹੋ ਗਏ। ਜਲਾਦਾਂ ਨੇ ਕਟਾਰਾਂ ਨਾਲ ਸ਼ਹੀਦ ਕਰ ਦਿੱਤੇ। ਮਾਤਾ ਜੀ ਸਾਹਿਬਜ਼ਾਦਿਆਂ ਦੀ ਖਬਰ ਸੁਣ ਸਰੀਰ ਤਿਆਗ ਦਿੱਤਾ। ਟੋਡਰ ਮੱਲ ਨੇ ਮੋਹਰਾਂ ਵਿਛਾ ਜਮੀਨ ਖਰੀਦੀ ਤੇ ਤਿੰਨਾ ਦਾ ਸਸਕਾਰ ਕੀਤਾ।

..............................................................

# ਖ਼ਬਰਨਾਮਾ

## ਨੌਵਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਯਾਦ ਵਿੱਚ ਹਰ ਸਾਲ ਸੰਗੀਤ ਸੰਮੇਲਨ ਕਰਵਾਇਆ ਜਾਂਦਾ ਹੈ ਜਿਸ ਵਿੱਚ ਵੱਡੇ-ਵੱਡੇ ਕਲਾਕਾਰ ਆ ਕੇ ਆਪਣੀ ਹਾਜ਼ਰੀ ਭਰਦੇ ਹਨ। ਸਾਲ ਮਗਰੋਂ ਇਹ ਤਿੰਨ ਦਿਨ ਲਗਾਤਾਰ ਸੰਗੀਤ ਸੰਮੇਲਨ ਲੱਗਦਾ ਹੈ, ਦੂਰ ਦੁਰੇਡੇ ਤੋਂ ਸੰਗਤਾਂ ਵੀ ਆਪਣੀ ਹਾਜ਼ਰੀ ਭਰਦੀਆਂ ਹਨ। ਇਸ ਵਾਰੀ ਦਾ ਸੰਮੇਲਨ ਸਿਮਰਤੀ ਮੰਦਿਰ ਵਿੱਚ ਕਰਵਾਇਆ ਗਿਆ। ਸਾਹਮਣੇ ਸ੍ਰੀ ਸਤਿਗੁਰੂ ਜੀ ਦੀ ਸਟੇਜ, ਇੱਕ ਪਾਸੇ ਪੇਸ਼ ਕਰਤਾ ਦੀ ਸਟੇਜ ਤੇ ਵਿਚਕਾਰ ਕਲਾਕਾਰਾਂ ਦੀ ਸਟੇਜ ਤਿਆਰ ਕੀਤੀ ਗਈ ਸੀ, ਸਟੇਜ ਨੂੰ ਬਹੁਤ ਹੀ ਸੁੰਦਰ ਢੰਗ ਨਾਲ ਤਿਆਰ ਕੀਤਾ ਗਿਆ ਸੀ। ਲਾਈਟ ਤੇ ਸਾਊਂਡ ਦਾ ਇੰਤਜ਼ਾਮ ਵੀ ਬਹੁਤ ਵਧੀਆ ਸੀ ਸਾਧ ਸੰਗਤ ਦੇ ਬੈਠਣ ਵਾਸਤੇ ਵਧੀਆ ਗੱਦੇ ਤੇ ਉੱਪਰ ਚਿੱਟੀਆਂ ਚਾਦਰਾਂ ਵਿਛਾਈਆਂ ਗਈਆਂ ਸਨ। ਸੰਗਤਾਂ ਦੇ ਜੋੜੇ ਰੱਖਣ ਲਈ ਦਿੱਲੀ ਦਾ ਨਿਸ਼ਕਾਮ ਜਥਾ ਆਪਣੀ ਜਗ੍ਹਾ ਤੇ ਤਿਆਰ ਬਰ ਤਿਆਰ ਪੰਡਾਲ ਬਣਾ ਕੇ ਬੈਠਾ ਹੋਇਆ ਸੀ। ਕਲਾਕਾਰਾਂ ਦੀ ਜਲ ਪਾਣੀ ਦੀ ਸੇਵਾ ਵਾਸਤੇ ਮੰਦਰ ਦੇ ਨਾਲ ਹੀ ਕਮਰੇ ਵਿੱਚ ਇੰਤਜ਼ਾਮ ਕੀਤਾ ਹੋਇਆ ਸੀ। ਲੰਗਰ ਲਈ ਕੋਠੀ ਵੇਚ ਇੰਤਜ਼ਾਮ ਸੀ। ਰਾਗੀ ਬਲਵੰਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਕਲਾਕਾਰਾਂ ਦੀ ਮਹਿਮਾਨ ਨਿਵਾਜ਼ੀ ਬਹੁਤ ਹੀ ਸੁਚੱਜੇ ਢੰਗ ਨਾਲ ਕੀਤੀ। ਉਨ੍ਹਾਂ ਨੂੰ ਲਿਆਉਣ ਤੇ ਲਿਜਾਣ ਦਾ ਪ੍ਰਬੰਧ ਕੀਤਾ ਹੋਇਆ ਸੀ। ਸਿਮਰਤੀ ਮੰਦਿਰ ਵਿੱਚ ਸਟੇਜ ਦੀ ਤਿਆਰੀ ਪ੍ਰਬੰਧਕਾਂ ਵੱਲੋਂ ਬੜੇ ਧਿਆਨ ਪੂਰਬਕ ਕੀਤੀ ਗਈ ਸੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ 13 ਦਸੰਬਰ 2012 ਨੂੰ ਜੋਤੀ-ਜੋਤ ਸਮਾਏ ਸਨ। ਸਤਿਗੁਰੂ ਜਗਜੀਤ ਸਿੰਘ ਦਾ ਗੁਰੂਤਾ ਕਾਲ ਨਾਮਧਾਰੀ ਸਮਾਜ ਵਾਸਤੇ 'ਸਵਰਨ-ਯੁੱਗ' ਸੀ। ਸ੍ਰੀ ਸਤਿਗੁਰੂ ਜੀ ਦੇ ਸਮੇਂ ਨਾਮਧਾਰੀ ਪੰਥ ਨੇ ਹਰ ਖੇਤਰ ਵਿੱਚ ਮੱਲਾਂ ਮਾਰੀਆਂ ਉਨ੍ਹਾਂ ਦੀ ਸ਼ਖਸੀਅਤ ਬਹੁਪੱਖੀ ਪ੍ਰਤਿਭਾ ਵਾਲੀ ਸੀ, ਜੇਕਰ ਸਾਰੇ ਪੱਖਾਂ ਦਾ ਵਰਣਨ ਕੀਤਾ ਜਾਵੇ ਤਾਂ ਇਤਿਹਾਸ ਲਿਖਣ ਵਾਸਤੇ ਕਈ ਕਿਤਾਬਾਂ ਦੀ ਛਪਾਈ ਕਰਨੀ ਪਵੇਗੀ। ਸਤਿਗੁਰੂ ਜੀ ਦੀਆਂ ਬਖ਼ਸ਼ਿਸ਼ਾਂ ਦਾ ਵਰਣਨ ਤਾਂ ਕੀਤਾ ਹੀ ਨਹੀਂ ਜਾ ਸਕਦਾ। ਸ੍ਰੀ ਸਤਿਗੁਰੂ ਜੀ ਦੁਆਰਾ ਸਰਬੱਤ ਦਾ ਭਲਾ ਕਰਨਾ ਉਨ੍ਹਾਂ ਦੀ ਸਹਿਜ ਅਵਸਥਾ ਦਾ ਇੱਕ ਅੰਗ ਸੀ। ਗੁਰੂ ਜੀ ਰੂਹਾਨੀਅਤ ਦੇ ਮਹਾਨ ਰਹਿਬਰ ਸਨ। ਉਨ੍ਹਾਂ ਨੇ ਅਧਿਆਤਮਿਕਤਾ ਦੇ ਨਾਲ ਨਾਲ ਵਿਸ਼ਵ ਸ਼ਾਂਤੀ, ਸਮਾਜ ਭਲਾਈ ਆਪਸੀ ਭਾਈਚਾਰਾ ਅਤੇ ਸਰਬਪੱਖੀ ਵਿਕਾਸ ਦੇ ਕਾਰਜ ਕੀਤੇ। ਸ੍ਰੀ ਸਤਿਗੁਰੂ ਜੀ ਦਾ ਬਚਪਨ ਤੇ ਜਵਾਨੀ ਦਾ ਸਮਾਂ ਪਹਿਲੇ 39 ਸਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਵਿੱਚ, ਇੱਕ ਗੁਰ ਸਿੱਖ ਵਾਂਗਰਾਂ ਬਤੀਤ ਹੋਏ ਸ੍ਰੀ ਸਤਿਗੁਰੂ ਜੀ ਨੇ ਨਾਮ ਬਾਣੀ ਦਾ ਜਾਪ ਆਪ ਕੀਤਾ ਤੇ ਸਾਧ ਸੰਗਤ ਕੋਲੋਂ ਕਰਵਾਇਆ ਉਨ੍ਹਾਂ ਨੇ ਸਾਲਾਨਾ ਜਪ-ਪ੍ਰਯੋਗ ਆਰੰਭ ਕਰਵਾਏ ਜਿਹੜੇ ਅੱਜ ਨਿਰਵਿਘਨ ਚੱਲ ਰਹੇ ਹਨ ਉਨ੍ਹਾਂ ਦੇ ਸਮੇਂ ਵਿੱਚੋਂ ਨਾਮਧਾਰੀ ਪੰਥ ਨੇ ਬੁਲੰਦੀਆਂ ਨੂੰ ਛੂਹਿਆ ਸਮਾਜ ਦੇ ਹਰੇਕ ਖੇਤਰ ਵਿੱਚ ਤਰੱਕੀ ਕੀਤੀ ਤੇ ਆਪਣਾ ਯੋਗਦਾਨ ਪਾਇਆ। ਸ੍ਰੀ ਸਤਿਗੁਰੂ ਜੀ ਨੂੰ ਰਾਗ ਦੀ ਗੁੜ੍ਹਤੀ ਤਾਂ ਵਿਰਸੇ ਵਿੱਚ ਮਿਲੀ ਹੋਈ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਵੀ ਸੰਗੀਤ ਨਾਲ ਬਹੁਤ ਪਿਆਰ ਕਰਦੇ ਸਨ। ਉਸਤਾਦ ਹਰਨਾਮ ਸਿੰਘ ਜੀ ਪਾਸੋਂ ਆਪ ਜੀ ਨੇ ਰਾਗ ਦੀ ਵਿੱਦਿਆ ਹਾਸਿਲ ਕੀਤੀ ਸੀ। ਭਾਈ ਮਸਤਾਨ ਸਿੰਘ ਜੀ ਪਾਸੋਂ ਦਿਲਰੁਬਾ ਦੀ ਵਿੱਦਿਆ ਹਾਸਲ ਕੀਤੀ ਕੀਰਤਨ ਦੀਆਂ ਮਹਾਨ ਰੀਤਾਂ ਦੀ ਵਿੱਦਿਆ ਹਾਸਲ ਕੀਤੀ। ਸਤਿਗੁਰੂ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿੱਚ ਅੰਤਰਰਾਸ਼ਟਰੀ ਪੱਧਰ ਦੇ ਸੰਗੀਤ ਸੰਮੇਲਨ ਕਰਵਾਏ ਅੱਜ ਸ੍ਰੀ ਸਤਿਗੁਰੂ ਉਦੇ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਸੰਗੀਤ ਸੰਮੇਲਨ ਕਰਵਾ ਰਹੇ ਹਨ। ਉਨ੍ਹਾਂ ਦੀ ਯਾਦ ਤਾਂ ਹਮੇਸ਼ਾਂ ਹੀ ਤਾਜ਼ਾ ਰਹਿੰਦੀ ਹੈ ਪਰ ਫੇਰ ਵੀ ਸੰਗੀਤਕ ਪ੍ਰੇਮੀਆਂ ਨੂੰ ਇਕੱਠਿਆਂ ਕਰ ਉਨ੍ਹਾਂ ਦਾ ਹਰ ਜੱਸ ਕਰਨ ਲਈ ਇਹ ਹਰ ਸਾਲ ਸੰਗੀਤ ਸੰਮੇਲਨ ਕਰਵਾਏ ਜਾ ਰਹੇ ਹਨ।

ਸੰਗੀਤ ਸੰਮੇਲਨ ਦੀ ਸ਼ੁਰੂਆਤ ਜੋਤ ਜਗਾ ਕੇ ਕੀਤੀ ਗਈ। ਸ੍ਰੀ ਸਤਿਗੁਰੂ ਜੀ ਤੋਂ ਬਾਅਦ ਪੰਡਤ ਕੁਸਲ ਦਾਸ ਜੀ, ਸੰਦੀਪ ਘੋਸ਼ ਜੀ, ਉਸਤਾਦ ਹਰਭਜਨ ਸਿੰਘ ਜੀ, ਪੰਡਤ ਵਿਸ਼ਵ ਪ੍ਰਕਾਸ਼ ਜੀ, ਹਰਵਿੰਦਰ ਸਿੰਘ ਹੰਸਪਾਲ ਜੀ, ਰਾਗੀ ਬਲਵੰਤ ਸਿੰਘ ਜੀ ਨੇ ਵੀ ਵਾਰੋ ਵਾਰੀ ਜੋਤ ਨੂੰ ਰੌਸ਼ਨ ਕੀਤਾ।

**ਸੰਗੀਤ ਸੰਮੇਲਨ ਦਾ ਪਹਿਲਾ ਦਿਨ**- ਅੱਜ ਸੰਗੀਤ ਸੰਮੇਲਨ ਦੇ ਪਹਿਲੇ ਦਿਨ ਸਵੇਰੇ ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਸੰਗਤ ਨੂੰ ਜਾਣਕਾਰੀ ਦਿੱਤੀ ਗਈ ਸ਼ਾਮ ਪੰਜ ਵਜੇ ਪੇਸ਼ਕਾਰੀਆਂ ਆਰੰਭ ਹੋਣ ਦਾ ਸਮਾਂ ਸੀ। ਪ੍ਰਤਾਪ ਮੰਦਰ ਵਿੱਚ ਸ਼ਾਮੀਂ 5:45 ਮਿੰਟ ਤੇ **ਰਾਗੀ ਈਸ਼ਰ ਸਿੰਘ ਨੇ ਤਾਰ ਸ਼ਹਿਨਾਈ** ਨਾਲ ਸੰਗੀਤ ਸੰਮੇਲਨ ਦਾ ਆਰੰਭ ਕੀਤਾ। ਉਨ੍ਹਾਂ ਨੇ 'ਰਾਗ ਚਾਰੂਕੇਸੀ' ਵਜਾਇਆ। ਤਾਰ ਸ਼ਹਿਨਾਈ ਦੇ ਸੁੰਦਰ ਵਾਦਨ ਨਾਲ ਉਹਨਾਂ ਸੰਗਤਾਂ ਦੀ ਖ਼ੂਬ ਪ੍ਰਸ਼ੰਸਾ ਪ੍ਰਾਪਤ ਕੀਤੀ। ਉਨ੍ਹਾਂ ਦੇ ਨਾਲ **ਤਬਲੇ ਤੇ ਸਾਥ ਇਕਬਾਲ ਸਿੰਘ** ਨੇ ਦਿੱਤਾ।

**ਪੰਡਤ ਕੁਸ਼ਲ ਦਾਸ ਕੋਲਕਾਤਾ** ਨੇ ਸਿਤਾਰ ਵਾਦਨ ਪੇਸ਼ ਕੀਤਾ। ਉਨ੍ਹਾਂ ਨੇ ਰਾਗ ਹਮੀਰ ਵਿੱਚ ਅਲਾਪ ਜੋੜ ਵਿਲੰਬਤ ਤਿੰਨ ਤਾਲ ਤੇ ਦਰੁਤ ਪੇਸ਼ ਕੀਤਾ। ਉਸ ਤੋਂ ਬਾਅਦ ਰਾਗ ਗੋਰਖ ਕਲਿਆਣ ਪੇਸ਼ ਕਰਕੇ ਸੰਗਤਾਂ ਦੀ ਵਾਹ-ਵਾਹੀ ਖੱਟੀ। ਤਬਲੇ ਤੇ ਇਹਨਾਂ ਨਾਲ **ਪ੍ਰਸਿੱਧ ਤਬਲਾਵਾਦਕ ਸ੍ਰੀ ਸੰਦੀਪ ਘੋਸ਼ ਜੀ** ਨੇ ਸਾਥ ਦਿੱਤਾ।

ਜੈਪੁਰ ਘਰਾਣੇ ਦੇ ਕੱਥਕ ਨ੍ਰਿਤਕਾਰ ਪੰਡਤ ਮਹਾਦੇਵ ਪ੍ਰਸਾਦ ਜੀ ਦੇ ਪੋਤਰੇ **ਪੰਡਤ ਸੰਦੀਪ ਮਹਾਂਵੀਰ ਜੀ** ਨੇ ਕੱਥਕ ਨ੍ਰਿਤ ਪੇਸ਼ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸੰਗਤਾਂ ਨੇ ਤਾਲੀਆਂ ਵਜਾ ਕੇ ਉਨ੍ਹਾਂ ਨੂੰ ਖ਼ੂਬ ਸਲਾਹਿਆ। **ਸ੍ਰੀ ਜਸ਼ਵੰਤ ਵੈਸ਼ਨਵ** ਨੇ ਤਬਲੇ ਤੇ ਸਾਥ ਦਿੱਤਾ। ਉਨ੍ਹਾਂ ਦੇ ਨਾਲ ਹਰਮੋਨੀਅਮ ਤੇ ਗਾਇਨ **ਵੈਬਵ ਮਾਂਕੜ** ਤੇ **ਮੁਗਧਾ ਮਾਣੇ** ਅਤੇ **ਢੋਲਕ ਤੇ ਮਨਸੂਰ ਖ਼ਾਨ** ਨੇ ਸਾਥ ਦਿੱਤਾ।

**ਸੰਗੀਤ ਸੰਮੇਲਨ ਦਾ ਦੂਸਰਾ ਦਿਨ**

ਸੰਗੀਤ ਸੰਮੇਲਨ ਦੇ ਦੂਸਰੇ ਦਿਨ ਦੀ ਸ਼ੁਰੂਆਤ **ਮਨਸਾ ਸਿੰਘ ਨਾਮਧਾਰੀ** ਨੇ ਤਿੰਨ ਤਾਲ ਵਿੱਚ ਸੋਲੋ ਵਾਦਨ ਪੇਸ਼ ਕੀਤਾ। **ਗੰਗਾ ਸਿੰਘ** ਨੇ ਦਿਲਰੁਬਾ ਤੇ ਨਗਮਾ ਦੇ ਕੇ ਸਾਥ ਦਿੱਤਾ।

**ਸ੍ਰੀ ਮੋਮਿਨ ਖਾਨ ਨਿਆਜ਼ੀ** ਨੇ ਸਾਰੰਗੀ ਵਾਦਨ ਪੇਸ਼ ਕੀਤਾ। ਉਨ੍ਹਾਂ ਨੇ ਰਾਗ ਚੰਪਾਕਲੀ ਵਿਚ ਅਲਾਪ ਕਰਨ ਉਪਰੰਤ ਵਿਲੰਬਤ ਇਕ ਤਾਲ ਤੇ ਤਿੰਨ ਤਾਲ ਵਿਚ ਬੰਦਿਸ਼ਾ ਦਾ ਵਾਦਨ ਕੀਤਾ। ਉਸ ਤੋਂ ਬਾਅਦ ਰਾਗ ਪੀਲੂ ਤੇ ਰਾਗ ਮਾਂਡ ਵਜਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਨਾਲ **ਬਸੰਤ ਸਿੰਘ ਨਾਮਧਾਰੀ** ਨੇ ਤਬਲੇ ਤੇ ਸਾਥ ਦਿੱਤਾ।

**ਵਿਦੂਸ਼ੀ ਕੌਸ਼ਕੀ ਚੱਕਰਵਰਤੀ** ਨੇ ਆਪਣੀ ਪੇਸ਼ਕਾਰੀ ਨਾਲ ਸਭ ਸੰਗਤਾਂ ਨੂੰ ਮੋਹ ਲਿਆ। ਕੌਸ਼ਕੀ ਜੀ ਨੂੰ ਸੁਣਨ ਲਈ ਸੰਗਤਾਂ ਦੂਰ-ਦੂਰ ਤੋਂ ਆਈਆਂ ਹੋਈਆਂ ਸਨ। ਸੰਗਤਾਂ ਦਾ ਇਕੱਠ ਭਰਪੂਰ ਸੀ। ਕੌਸ਼ਕੀ ਜੀ ਨੇ ਆਪਣੀ ਸੰਗੀਤ ਕਲਾ ਨਾਲ ਸਭ ਨੂੰ ਮੰਤਰ ਮੁਗਧ ਕਰ ਦਿੱਤਾ। ਉਨ੍ਹਾਂ ਨੇ ਸਭ ਤੋਂ ਪਹਿਲਾਂ ਰਾਗ ਜੋਗ ਨਾਲ ਆਰੰਭ ਕੀਤਾ ਉਸ ਤੋਂ ਬਾਅਦ ਰਾਗ ਅਭੋਗੀ ਤੇ ਫਿਰ ਭੈਰਵੀ ਰਾਗ ਨਾਲ ਆਪਣੇ ਪ੍ਰੋਗਰਾਮ ਦੀ ਸਮਾਪਤੀ ਕੀਤੀ। ਹਰਮੋਨੀਅਮ ਤੇ **ਪੰਡਤ ਅਜੇ ਯੋਗਲੇਕਰ** ਅਤੇ ਤਬਲੇ ਤੇ ਪੰਡਤ **ਓਜਸ ਅਧੀਆ** ਨੇ ਬਾਖ਼ੂਬੀ ਸਾਥ ਦਿੱਤਾ।

**ਸੰਗੀਤ ਸੰਮੇਲਨ ਦਾ ਤੀਸਰਾ ਦਿਨ**

**ਬੀਬੀ ਅਵਤਾਰ ਕੌਰ** ਨੇ ਰਾਗ ਮਾਰੂ ਬਿਹਾਗ ਵਿੱਚ ਆਰੰਭਤਾ ਕੀਤੀ। ਰਾਗ ਵਿਲੰਬਤ ਮੱਧ ਲੈਅ ਬੰਦਸ਼ਾਂ ਦਾ ਗਾਇਨ ਕੀਤਾ। ਤਬਲੇ ਤੇ **ਅਜੇਪਾਲ ਸਿੰਘ** ਨੇ ਸਾਥ ਦਿੱਤਾ। **ਪੰਡਤ ਅਜੇ ਯੋਗਲੇਕਰ** ਨੇ ਹਰਮੋਨੀਅਮ ਵਜਾ ਕੇ ਸਾਥ ਦਿੱਤਾ।

**ਪੰਡਤ ਯੋਗੇਸ਼ ਸ਼ਮਸੀ ਜੀ** ਨੇ ਤਬਲਾ ਪੇਸ਼ਕਾਰੀ ਦਾ ਅਰੰਭ ਕੀਤਾ। ਪੰਡਤ ਯੋਗੇਸ਼ ਜੀ ਨੇ ਤਬਲੇ ਅਤੇ ਉਨ੍ਹਾਂ ਦੇ **ਸਪੁੱਤਰ ਸਰਵਣ ਸ਼ਮਸੀ** ਨੇ ਡਰੰਮ ਨਾਲ ਸਟੇਜ ਸੰਭਾਲਿਆ। ਉਨ੍ਹਾਂ ਨੇ ਆਪਣੇ ਪ੍ਰੋਗਰਾਮ ਦੀ ਸ਼ੁਰੂਆਤ ਧਮਾਰ ਤਾਲ ਨਾਲ ਕੀਤੀ। ਅਖੀਰ ਵਿਚ ਦਰੁੱਤ ਤਿੰਨ ਤਾਲ ਵਿੱਚ ਵਾਦਨ ਕਰਕੇ ਸਮਾਪਤੀ ਕੀਤੀ। ਸਰੋਤਿਆਂ ਨੇ ਤਾੜੀਆਂ ਵਜਾ ਕੇ ਉਨ੍ਹਾਂ ਦੀ ਹੌਂਸਲਾ ਅਫ਼ਜ਼ਾਈ ਕੀਤੀ।

ਅਖੀਰ ਵਿਚ **ਪੰਡਤ ਰਾਕੇਸ਼ ਚੌਰਸੀਆ** ਜੀ ਨੇ ਬੰਸਰੀ ਵਾਦਨ ਪੇਸ਼ ਕੀਤਾ। ਉਨ੍ਹਾਂ ਨੇ ਰਾਗ ਬਾਗੇਸ਼ਵਰੀ ਨਾਲ ਸ਼ੁਰੂਆਤ ਕੀਤੀ। ਅਲਾਪ ਜੋੜ ਝਾਲਾ ਤੇ ਫੇਰ ਰੂਪਕ ਵਿਚ ਵਿਲੰਬਤ ਦੀ ਬੰਦਿਸ਼ ਵਜਾਈ। ਫੇਰ ਉਨ੍ਹਾਂ ਨੇ ਰਾਗ ਕਿਰਵਾਨੀ ਵਿਚ ਤਿੰਨ ਤਾਲ ਦੀ ਬੰਦਿਸ਼ ਵਜਾ ਕੇ ਝਾਲੇ ਨਾਲ ਸਮਾਪਤੀ ਕੀਤੀ। ਪਹਾੜੀ ਰਾਗ ਦੀਆਂ ਸੁਰਾਂ ਨੇ ਸਰੋਤਿਆਂ ਨੂੰ ਕੀਲ ਲਿਆ। ਸਾਰੀ ਸੰਗਤ ਨੇ ਤਾੜੀਆਂ ਵਜਾ ਕੇ ਉਹਨਾਂ ਦੀ ਪੇਸ਼ਕਾਰੀ ਨੂੰ ਸਲਾਹਿਆ।

ਸ੍ਰੀ ਸਤਿਗੁਰੂ ਜੀ ਨੇ ਹਰ ਦਿਨ ਸਾਰੇ ਕਲਾਕਾਰਾਂ ਨੂੰ ਸਨਮਾਨਿਤ ਕੀਤਾ। ਸੰਮੇਲਨ ਦੌਰਾਨ **ਨਵਜੋਤ ਸਿੰਘ ਸਿੱਧੂ** ਪ੍ਰਧਾਨ ਪੰਜਾਬ ਕਾਂਗਰਸ ਨੇ ਵੀ ਆਪਣੀ ਹਾਜ਼ਰੀ ਭਰੀ।

**ਸਟੇਜ ਸਕੱਤਰ ਦੀ ਭੂਮਿਕਾ**- ਸ੍ਰੀ ਸੰਗਤ ਰਾਮ ਜਲੰਧਰ ਤੇ ਸੰਤ ਹਰਪਾਲ ਸਿੰਘ ਸੇਵਕ ਨੇ ਨਿਭਾਈ।

**ਮੇਲੇ ਦੀ ਸੇਵਾ-** ਇਸ ਮੇਲੇ ਦੀ ਸੇਵਾ ਸੰਤ ਰਣਜੀਤ ਸਿੰਘ ਯੂ.ਕੇ., ਸੰਤ ਕੁਲਵਿੰਦਰ ਸਿੰਘ ਯੂ.ਐਸ.ਏ. ਵੱਲੋਂ ਕੀਤੀ ਗਈ। ਸ੍ਰੀ ਸਤਿਗੁਰੂ ਜੀ ਦੇ ਪਵਿੱਤਰ ਉਪਦੇਸ਼ ਦੇ ਨਾਲ ਇਸ ਸੰਗੀਤ ਸੰਮੇਲਨ ਦੀ ਸਮਾਪਤੀ ਹੋਈ।

# ਮਾ. ਅਮਰੀਕ ਸਿੰਘ ਜੀ ਨਮਿੱਤ ਅੰਤਮ ਅਰਦਾਸ

**26 ਨਵੰਬਰ 2021**

ਐਲਨਾਬਾਦ ਸਿਰਸਾ ਨਾਮਧਾਰੀ ਸਿੱਖ ਪੰਥ ਦੇ ਮੁਖੀ ਸਤਿਗੁਰੂ ਉਦੇ ਸਿੰਘ ਜੀ ਨੇ ਮਾਸਟਰ ਅਮਰੀਕ ਸਿੰਘ ਜੀ ਦੇ ਭੋਗ ਮੇਲੇ ਤੇ ਸੰਗਤ ਨੂੰ ਸੰਬੋਧਿਤ ਕਰਦਿਆਂ ਮਾਸਟਰ ਜੀ ਨੂੰ ਨਿਰਭਉ ਅਤੇ ਨਿਰਵੈਰ ਸ਼ਖ਼ਸੀਅਤ ਦੱਸਿਆ ਉਨ੍ਹਾਂ ਨੂੰ ਚੰਗੀਆਂ ਕਦਰਾਂ ਕੀਮਤਾਂ ਦੇ ਧਾਰਨੀ ਦੱਸਦਿਆਂ ਵੱਖ ਵੱਖ ਖੇਤਰਾਂ ਵਿੱਚ ਉਨ੍ਹਾਂ ਦੁਆਰਾ ਨਿਭਾਈਆਂ ਸੇਵਾਵਾਂ ਨੂੰ ਯਾਦ ਕੀਤਾ। ਇਸ ਸਮੇਂ ’ਤੇ ਸ੍ਰੀ ਸਤਿਗੁਰੂ ਜੀ ਵੱਲੋਂ ਮਾਸਟਰ ਜੀ ਦੇ ਸਪੁੱਤਰ ਅਮੋਲਕ ਸਿੰਘ ਨੂੰ ਦਸਤਾਰ ਸਜਾਈ ਗਈ। ਯਾਦ ਰਹੇ ਕਿ ਨਵੰਬਰ ਦੇ ਪਹਿਲੇ ਹਫ਼ਤੇ ਮਾਸਟਰ ਜੀ ਹਾਦਸਾਗ੍ਰਸਤ ਹੋ ਗਏ ਸਨ ਅਤੇ 25 ਨਵੰਬਰ ਨੂੰ ਉਹ ਚੱਲ ਵੱਸੇ ਸਨ ਅੱਜ ਉਨ੍ਹਾਂ ਦੇ ਭੋਗ ਦੇ ਸਮੇਂ ਐਲਨਾਬਾਦ ਬਾਈਪਾਸ ਤੇ ਖੁੱਲ੍ਹੇ ਪੰਡਾਲ ਵਿਚ ਇਲਾਕਾ ਭਰ ਦੀਆਂ ਸੰਗਤਾਂ ਜੁੜੀਆਂ। ਜਥੇ. ਗੁਰਲਾਲ ਸਿੰਘ ਦੁਆਰਾ ਗੁਰਬਾਣੀ ਕੀਰਤਨ ਤੋਂ ਬਾਅਦ ਮਾਸਟਰ ਜੀ ਨੂੰ ਸ਼ਰਧਾਂਜਲੀਆਂ ਭੇਟ ਹੋਈਆਂ। ਇਸ ਮੌਕੇ ਤੇ ਬੋਲਦਿਆਂ ਸੁਵਰਨ ਸਿੰਘ ਵਿਰਕ ਨੇ ਦੱਸਿਆ ਕਿ ਉਹ ਦੋ ਦਰਜਨ ਕਾਵਿ ਪੁਸਤਕਾਂ ਰਚ ਚੁੱਕੇ ਸਨ। ਵਧੀਆ ਕਵੀ ਅਤੇ ਵਾਰਤਕ ਕਾਰ ਸਨ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਨੇ ਉਨ੍ਹਾਂ ਨੂੰ ਆਪਣੇ ਸਰਵਉੱਚ ਸਨਮਾਨ ‘ਹਰਿਆਣਾ ਪੰਜਾਬੀ ਗੌਰਵ’ ਨਾਲ ਅਲੰਕ੍ਰਿਤ ਕੀਤਾ ਸੀ। ਉਹ ਬਹੁਤ ਸਾਰੇ ਲੇਖਕ ਤੇ ਸਮਾਜਿਕ ਸੰਗਠਨਾਂ ਨਾਲ ਵੀ ਜੁੜੇ ਸਨ। 92 ਸਾਲ ਦੀ ਉਮਰ ਵਿਚ ਕਿਰਿਆਸ਼ੀਲ ਰਹਿਣਾ ਉਨ੍ਹਾਂ ਦੀ ਇੱਛਾ ਸ਼ਕਤੀ ਦਾ ਸਬੂਤ ਸੀ। ਕਾਂਗਰਸ ਨੇਤਾ ਸ. ਮਲਕੀਤ ਸਿੰਘ ਖੋਸਾ ਨੇ ਮਾਸਟਰ ਜੀ ਨੂੰ ਇੱਕ ਕਰਮਯੋਗੀ ਦੱਸਦਿਆਂ ਉਨ੍ਹਾਂ ਦੇ ਜੀਵਨ ਨੂੰ ਸਫ਼ਲ ਅਤੇ ਮਿਸਾਲੀ ਜੀਵਨ ਕਿਹਾ। ਸਟੇਜ ਦੀ ਸੇਵਾ ਸਰਦਾਰ ਗੁਰਭੇਜ ਸਿੰਘ ਗੁਰਾਇਆ ਸਾਬਕਾ ਡਾਇਰੈਕਟਰ ਪੰਜਾਬੀ ਸਾਹਿਤ ਅਕਾਦਮੀ ਦਿੱਲੀ ਨੇ ਨਿਭਾਈ। ਇਸ ਮੌਕੇ ਤੇ ਆਰੰਭ ਵਿੱਚ ਇੱਕ ਕਵੀ ਦਰਬਾਰ ਵੀ ਹੋਇਆ। ਜਿਸ ਵਿੱਚ ਮਾਸਟਰ ਜੀ ਨੂੰ ਕਵਿਤਾਵਾਂ ਦੁਆਰਾ ਈਜਾਦ ਕੀਤਾ ਗਿਆ, ਸ਼ਾਮਲ ਕਵੀ ਸਨ- ਲਖਵਿੰਦਰ ਸਿੰਘ ਬਾਜਵਾ, ਬਲਦੇਵ ਸਿੰਘ ਵੜੈਚ, ਪੂਰਨ ਸਿੰਘ ਨਿਰਾਲਾ, ਬਿਸ਼ਨ ਦਾਸ, ਕਰਨੈਲ ਸਿੰਘ ਅਸਪਾਲ, ਹਰਭਜਨ ਸਿੰਘ ਰਾਜਾ, ਪ੍ਰਵੀਨ ਸ਼ਰਮਾ, ਅਮਨ, ਗੁਰਮੀਤ ਸਿੰਘ ਚਾਨਾ, ਅਵਨੂਰ ਕੌਰ, ਜਸਵੰਤ ਸਿੰਘ ਆਦਿ ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਹਰਿਆਣਾ ਪੰਜਾਬੀ ਅਕਾਦਮੀ ਦੇ ਸਾਬਕਾ ਡਾਇਰੈਕਟਰ ਸੀ.ਆਰ.ਮੋਦਗਿੱਲ, ਟਿਕਰੀ ਬਾਰਡਰ ਕਿਸਾਨ ਮੋਰਚੇ ਤੋਂ ਕਾਮਰੇਡ ਪਾਲਾ ਸਿੰਘ ਚੀਮਾ ਅਤੇ ਦਰਸ਼ਨ ਸਿੰਘ ਲਾਲੇ ਕਾ, ਸ਼੍ਰੋਮਣੀ ਰਾਗੀ ਉਸਤਾਦ ਹਰਭਜਨ ਸਿੰਘ, ਜਸਵੰਤ ਸਿੰਘ ਨਾਮਧਾਰੀ ਮੀਤ ਪ੍ਰਧਾਨ ਨਾਮਧਾਰੀ ਦਰਬਾਰ, ਕਵੀ ਸਭਾ ਲੁਧਿਆਣਾ ਦੇ ਜੋਗਿੰਦਰ ਸਿੰਘ ਕੰਗ ਨਾਮਧਾਰੀ ਪੰਜਾਬੀ ਸਹਿਤ ਸਭਾ ਇਲਾਕਾ ਸ੍ਰੀ ਜੀਵਨ ਨਗਰ, ਕੇਂਦਰੀ ਪੰਜਾਬੀ ਲੇਖਕ ਸਭਾ ਹਰਿਆਣਾ ਦੇ ਡਾ. ਅਮਰਜੀਤ ਸਿੰਘ ਪ੍ਰਧਾਨ ਅਤੇ ਜਨਰਲ ਸਕੱਤਰ ਪ੍ਰੋ. ਗੁਰਦੇਵ ਸਿੰਘ ਦੇਵ, ਹਰਿਆਣਾ ਪ੍ਰਗਤੀਸ਼ੀਲ ਲੇਖਕ ਸੰਘ ਦੇ ਡਾ. ਸੁਭਾਸ਼ ਮਾਨਸਾ ਪ੍ਰਧਾਨ ਅਤੇ ਡਾ. ਹਰਵਿੰਦਰ ਸਿੰਘ ਜਨਰਲ ਸਕੱਤਰ, ਪੰਜਾਬੀ ਲੇਖਕ ਸਭਾ ਸਿਰਸਾ ਦੇ ਪ੍ਰਧਾਨ ਪਰਮਾਨੰਦ ਸ਼ਾਸਤਰੀ ਰਮੇਸ਼ ਸ਼ਾਸਤਰੀ ਪ੍ਰਧਾਨ ਪ੍ਰਗਤੀਸ਼ੀਲ ਲੇਖਕ ਸੰਘ ਸਿਰਸਾ, ਡਾ. ਜੀ.ਡੀ. ਚੌਧਰੀ ਹੋਰਾਂ ਦੀ ਪੰਜਾਬੀ ਸਾਹਿਤ ਸਭਾ ਸਿਰਸਾ,



ਸੰਵਾਦ ਸਿਰਸਾ, ਪੰਜਾਬੀ ਲੋਕ ਸਾਹਿਤ ਸਭਾ ਰਾਣੀਆਂ ਦੇ ਸੁਭਾਸ਼ ਸਲੂਜਾ, ਗੁਰਪ੍ਰੀਤ ਸਿੰਧਰਾ, ਲੋਕ ਪੰਚਾਇਤ ਜ਼ਿਲ੍ਹਾ ਸਿਰਸਾ ਦੇ ਨਿਰਮਲ ਸਿੰਘ ਬਸਰਾ ਸਰਦੂਲ ਸਿੰਘ ਕੋਟਲੀ ਅਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਡਾਇਰੈਕਟਰ ਗੁਰਚਰਨ ਸਿੰਘ ਅਤੇ ਮਾਲਕ ਸਿੰਘ ਕੰਗ, ਸ੍ਰੀ ਗੁਰੂ ਹਰੀ ਸਿੰਘ ਐਜੂਕੇਸ਼ਨ ਸੁਸਾਇਟੀ ਜੀਵਨ ਨਗਰ ਦੇ ਗੁਰਮੀਤ ਸਿੰਘ ਵੜੈਚ ਅਤੇ ਗੁਰਚਰਨ ਸਿੰਘ ਧਾਲੀਵਾਲ ਦੇ ਸ਼ੋਕ ਸੰਦੇਸ਼ ਵੀ ਪਹੁੰਚੇ ਸਨ। ਇਸ ਸਮੇਂ ’ਤੇ ਮਾਤਾ ਗੁਰਸ਼ਰਨ ਕੌਰ ਜੀ, ਸੇਵਕ ਕਰਤਾਰ ਸਿੰਘ, ਸੇਵਕ ਆਸਾ ਸਿੰਘ, ਸੇਵਕ ਸਤਨਾਮ ਸਿੰਘ, ਸੇਵਕ ਸਤਨਾਮ ਸਿੰਘ ਸੂਬਾ ਬਲਵਿੰਦਰ ਸਿੰਘ ਤੇ ਸੂਬਾ ਰੇਸ਼ਮ ਸਿੰਘ ਵੀ ਹਾਜ਼ਰ ਸਨ ਅਤੇ ਵੱਡੀ ਗਿਣਤੀ ਵਿੱਚ ਨਾਮਧਾਰੀ ਸੰਗਤ ਤੇ ਸਾਹਿਤਕਾਰ ਸ਼ਾਮਲ ਸਨ।

**ਸੁਵਰਨ ਸਿੰਘ ਵਿਰਕ**

# ਪ੍ਰਕਾਸ਼ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ

ਜਦੋਂ ਸਾਰੇ ਸੰਸਾਰ ਵਿੱਚ ਭਰਮਾਂ ਦਾ ਹਨ੍ਹੇਰਾ ਪਿਆ ਹੋਇਆ ਸੀ। ਲੋਕ ਅੰਧ ਵਿਸ਼ਵਾਸਾਂ ਦੇ ਸ਼ਿਕਾਰ ਹੋ ਚੁੱਕੇ ਸਨ। ਚਾਰੇ ਪਾਸੇ ਕੂੜ ਦਾ ਪਸਾਰਾ ਪਸਰਿਆ ਹੋਇਆ ਸੀ। ਐਸੇ ਘੋਰ ਕਲਯੁੱਗ ਵਿੱਚ ਸੰਸਾਰ ਨੂੰ ਭਵ ਸਾਗਰ ਵਿੱਚੋਂ ਕੱਢਣ ਲਈ ਕਿਸੇ ਮਹਾਂਪੁਰਸ਼ ਅਵਤਾਰ ਦੀ ਜ਼ਰੂਰਤ ਹੁੰਦੀ ਹੈ। ਸੰਸਾਰ ਦੀ ਅਵਸਥਾ ਨੂੰ ਦੇਖਦੇ ਹੋਏ ਇਸ ਸਮੇਂ ਵਿਚ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ। ਉਨ੍ਹਾਂ ਦੇ ਅਵਤਾਰ ਧਾਰਨ ਨਾਲ ਹੀ ਸੰਸਾਰ ਵਿੱਚੋਂ ਪਾਪਾਂ ਰੂਪੀ ਹਨੇਰਾ ਖ਼ਤਮ ਹੋ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਦੇ ਭਲੇ ਲਈ ਚਾਰ ਉਦਾਸੀਆਂ ਕੀਤੀਆਂ। ਆਪਣੀ ਯਾਤਰਾ ਵਿੱਚ ਅਨੇਕਾਂ ਹੀ ਪ੍ਰਾਣੀਆਂ ਦਾ ਉਧਾਰ ਕੀਤਾ। ਉਨ੍ਹਾਂ ਨੂੰ ਕਿਰਤ ਕਮਾਈ ਕਰਨੀ, ਨਾਮ ਜਪਣਾ ਤੇ ਵੰਡ ਛਕਣ ਦਾ ਉਪਦੇਸ਼ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ ਦੀ ਪਰੰਪਰਾ ਚਲਾ ਕੇ ਇੱਕ ਮਹਾਨ ਕਾਰਜ ਕੀਤਾ। ਭਾਈ ਲਹਿਣਾ ਨੂੰ ਅੰਗ ਨਾਲ ਲਾ ਕੇ ਗੁਰੂ ਅੰਗਦ ਦੇਵ ਜੀ ਬਣਾ ਦਿੱਤਾ। ਸੇਵਾ ਦੀ ਪ੍ਰੰਪਰਾ ਨੂੰ ਸੰਸਾਰ ਵਿੱਚ ਚਮਕਾ ਦਿੱਤਾ।

ਗੁਰੂ ਘਰ ਵਿੱਚ ਸੇਵਾ ਦੀ ਬਹੁਤ ਮਹਾਨਤਾ ਹੈ, ਸੇਵਾ ਕਰਕੇ ਹੀ ਗੁਰੂ ਘਰ ਵਿਚ ਉੱਚੀਆਂ ਪਦਵੀਆਂ ਪ੍ਰਾਪਤ ਕੀਤੀਆਂ ਜਾਂ ਸਕਦੀਆਂ ਹਨ। ਗੁਰੂ ਜੀ ਦਾ ਸੰਦੇਸ਼ ਮਾਨਵਤਾ ਦੇ ਭਲੇ ਲਈ ਸੀ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਸੰਸਾਰ ਦੇ ਲੋਕਾਂ ਨੂੰ ਸਿੱਧੇ ਰਸਤੇ ਪਾਉਣ ਵਿੱਚ ਲਾ ਦਿੱਤਾ ਸੰਸਾਰ ਦੇ ਲੋਕਾਂ ਨੂੰ ਜਗਾਇਆ ਅੰਧ ਭਰਮਾਂ ਵਿੱਚੋਂ ਬਾਹਰ ਕੱਢਿਆ ਤੇ ਗੁਰੂ ਚਰਨਾਂ ਦੇ ਨਾਲ ਲਾਇਆ। ਅੱਜ ਸਾਰਾ ਸੰਸਾਰ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਯਾਦ ਕਰਦਾ ਹੈ ਉਨ੍ਹਾਂ ਦੇ ਕੀਤੇ ਪਰਉਪਕਾਰਾਂ ਨੂੰ ਯਾਦ ਕੀਤਾ ਜਾਂਦਾ ਹੈ ਅਤੇ ਰਹਿੰਦੀ ਦੁਨੀਆਂ ਤੱਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਮ ਰਹੇਗਾ। ਅੱਜ ਸਾਰਾ ਸੰਸਾਰ ਉਨ੍ਹਾਂ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਤੇ ਪਿਆਰ ਨਾਲ ਮਨਾ ਰਿਹਾ ਹੈ ਸ੍ਰੀ ਭੈਣੀ ਸਾਹਿਬ ਵਿੱਚ ਵੀ ਉਨ੍ਹਾਂ ਦਾ ਪ੍ਰਕਾਸ਼ ਦਿਵਸ ਮਨਾਇਆ ਗਿਆ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ ਤੇ ਸਾਥੀ ਰਾਗੀ ਸਿੰਘਾਂ ਨੇ ਤੰਤੀ ਸਾਜ਼ਾਂ ਦੇ ਨਾਲ ਗਾਇਣ ਕੀਤਾ। ਉਨ੍ਹਾਂ ਨੇ ਸਤਿਗੁਰੂ ਜੀ ਦੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿਚ ਸ਼ਬਦ ਗਾਇਨ ਕੀਤੇ- 'ਕਲਿ ਤਾਰਣ ਗੁਰੁ ਨਾਨਕ ਆਇਆ॥', 'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥' ਭਜਨ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਗੁਰੂ ਜੀ ਦੀ ਜੀਵਨੀ ਉੱਤੇ ਚਾਨਣਾ ਪਾਇਆ ਉਨ੍ਹਾਂ ਦੇ ਕੀਤੇ ਪਰਉਪਕਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕੀਤਾ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਮਹਾਨ ਸਮਾਜ ਸੁਧਾਰਕ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਰਮ ਦੇ ਅੰਧੇਰੇ ਨੂੰ ਖ਼ਤਮ ਕਰ ਦਿੱਤਾ ਉਨ੍ਹਾਂ ਦਾ 552 ਵਾਂ ਪ੍ਰਕਾਸ਼ ਦਿਹਾੜਾ ਮਨਾ ਰਹੇ ਹਾਂ ਦੁਨੀਆਂ ਦੇ ਧਰਮਾਂ ਵਿੱਚ ਸਿੱਖ ਧਰਮ ਇਕ ਨਿਵੇਕਲਾ ਧਰਮ ਹੈ ਜਿਸਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖੀ। ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਨੇ ਸੰਸਾਰ ਅਤੇ ਸੁੱਤੇ ਹੋਏ ਹਿੰਦੁਸਤਾਨ ਨੂੰ ਟੁੰਬ ਕੇ ਜਗਾਇਆ। ਹਿੰਦੋਸਤਾਨੀ ਸਦੀਆਂ ਤੋਂ ਆਪਣੇ ਆਪ ਨੂੰ ਗੁਲਾਮ ਮਹਿਸੂਸ ਕਰ ਰਹੇ ਸਨ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਮਕਾਲ ਪੜ੍ਹਦੇ ਹਾਂ ਤਾਂ ਪਤਾ ਲਗਦਾ ਹੈ ਕਿ ਸੱਚਮੁਚ ਹੀ ਉਸ ਵੇਲੇ ਇਕ ਕਾਮਲ ਮਰਦ ਦੀ ਲੋੜ ਸੀ। ਜਿਹੜਾ ਇਸ ਦੇਸ਼ ਦਾ ਸੁਧਾਰ ਕਰ ਸਕੇ ਠੀਕ ਉਸ ਵੇਲੇ ਕੱਤਕ ਦੀ ਪੂਰਨਮਾਸ਼ੀ ਪੁੰਨਿਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਰਾਇ-ਭੋਇ ਦੀ ਤਲਵੰਡੀ ਵਿਖੇ ਹੋਇਆ। ਉਸ ਸਮੇਂ ਭਾਰਤੀ ਲੋਕ ਕਈ ਤਰ੍ਹਾਂ ਦੀਆਂ ਮਾਰਾਂ ਸਹਿ ਰਹੇ ਸਨ। ਗੁਰੂ ਨਾਨਕ ਦੇਵ ਜੀ ਨਿਡਰ ਸਨ ਹੱਕ ਤੇ ਹਕੀਕਤ ਤੇ ਖਲੋਣ ਵਾਲੇ ਸਨ। ਆਪਣੇ ਸਮੇਂ ਦੇ ਹੁਕਮਰਾਨ ਨੂੰ ਕੁੱਤੇ ਆਖ ਦੇਣਾ ਇੱਕ ਕੇਵਲ ਤੇ ਕੇਵਲ ਗੁਰੂ ਨਾਨਕ ਦੇਵ ਜੀ ਹੀ ਸਨ। ਸਾਡੇ ਦੇਸ਼ ਦੇ ਲੋਕ ਵਹਿਮਾਂ ਭਰਮਾਂ ਵਿੱਚ ਫਸੇ ਹੋਏ ਸਨ।

ਸਮੇਂ ਦੀ ਹਕੂਮਤ ਨੂੰ ਪਾਪੀ ਕਹਿਣਾ ਇਹ ਗੱਲ ਤਾਂ ਨਿਡਰ ਹੋ ਕੇ ਗੁਰੂ ਨਾਨਕ ਦੇਵ ਜੀ ਹੀ ਕਰ ਸਕਦੇ ਹਨ। ਗੁਰੂ ਜੀ ਦਾ ਸੰਵਾਦ ਧਾਰਮਿਕ ਆਗੂਆਂ ਨਾਲ ਹੋਏ। ਗੁਰੂ ਜੀ ਦੀ ਬਾਣੀ ਪੜ੍ਹਦੇ ਹਾਂ ਉਨ੍ਹਾਂ ਤੋਂ ਉਨ੍ਹਾਂ ਦੀ ਵਿਚਾਰਧਾਰਾ ਦਾ ਪਤਾ ਲੱਗਦਾ ਹੈ ਦੋ ਧਰਮ ਇਸਲਾਮ ਤੇ ਹਿੰਦੂ ਆਪਸੀ ਵਿਵਾਦਾਂ ਵਿਚ ਫਸੇ ਪਏ ਸਨ। ਗੁਰੂ ਜੀ ਨੇ ਜਨੇਊ ਦੀਆਂ ਰਸਮਾਂ ਦਾ ਖੰਡਨ ਕੀਤਾ। ਗੁਰੂ ਜੀ ਦਾ ਗੱਲ ਕਰਨ ਦਾ ਢੰਗ ਵੱਖਰਾ ਹੀ ਸੀ। ਉਨ੍ਹਾਂ ਕਦੀ ਪ੍ਰਸ਼ਨ ਨਹੀਂ ਕੀਤਾ ਲੋਕ ਪ੍ਰਸ਼ਨ ਕਰਦੇ ਤੇ ਗੁਰੂ ਜੀ ਉੱਤਰ ਦਿੰਦੇ। ਉਨ੍ਹਾਂ ਦੀ ਸੋਚਣੀ ਵੱਖਰੀ ਸੀ।

ਜਿੱਥੇ ਸਦੀਆਂ ਤੋਂ ਇੱਕ ਗੱਲ ਚੱਲਦੀ ਹੋਵੇ ਉੱਥੇ ਆਪਣੀ ਗੱਲ ਨੂੰ ਨਿਡਰ ਹੋ ਕੇ ਰੱਖਣਾ ਇਕ ਕਾਮਲ ਮਰਦ ਹੀ ਕਰ ਸਕਦਾ ਹੈ। ਗੁਰੂ ਜੀ ਨੇ ਨਿਡਰ ਹੋ ਕਿਹਾ ਅੱਲ੍ਹਾ ਇਨ੍ਹਾਂ ਮੰਦਰ ਮਸੀਤਾਂ ਵਿੱਚ ਹੀ ਨਹੀਂ ਹੈ ਉਹ ਤਾਂ ਜ਼ਰੇ-ਜ਼ਰੇ ਵਿੱਚ ਮੌਜੂਦ ਹੈ। ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਕੇਵਲ ਇੱਕ ਜਾਤ ਜਾਂ ਧਰਮ ਤੱਕ ਸੀਮਤ ਨਹੀਂ ਹੈ। ਉਨ੍ਹਾਂ ਦਾ ਬਹੁਤ ਵੱਡਾ ਕਲਾਵਾ ਹੈ। ਜਿਸ ਕਲਾਵੇ ਵਿੱਚ ਜੀਵ ਜੰਤੂ ਪਸ਼ੂ ਪੰਛੀ ਪਹਾੜ ਰੁੱਖ ਸਭ ਸਮਾ ਜਾਂਦੇ ਹਨ।

ਗੁਰੂ ਜੀ ਨੇ ਉਹ ਗੱਲ ਕੀਤੀ ਜਿਹੜੀ ਸਮੇਂ ਦੀ ਲੋੜ ਸੀ। ਅੱਜ ਅਸੀਂ 552 ਸਾਲ ਬਾਅਦ ਉਹਨਾਂ ਨੂੰ ਯਾਦ ਕਰਦੇ ਹਾਂ।

**ਹੱਲੇ ਦਾ ਦੀਵਾਨ** ਦੁਪਹਿਰ ਵੇਲੇ ਜਥੇਦਾਰ ਹਰਪਾਲ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ ਹੱਲੇ ਦਾ ਦੀਵਾਨ ਸਜਾਇਆ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਸਿੱਖਾਂ ਉਤੇ ਪਰਉਪਕਾਰਾਂ ਦਾ ਵਰਣਨ ਕੀਤਾ ਉਪਰੰਤ ਇਕ ਘੰਟਾ ਨਿਤਨੇਮ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ਼ ਸਰਵਣ ਕੀਤਾ ਗਿਆ। ਰਾਗੀ ਸਿੰਘਾਂ ਨੇ ਸ਼ਬਦ ਦਾ ਗਾਇਨ ਕੀਤਾ। ਰਾਤ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਕਵੀ ਦਰਬਾਰ, ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਵੱਲੋਂ ਕੀਤਾ ਗਿਆ।

## ਮਾਸਟਰ ਅਮਰੀਕ ਸਿੰਘ ਜੀ ਨੂੰ ਸਾਹਿਤਕਾਰਾਂ ਵੱਲੋਂ ਸ਼ਰਧਾਜਲੀ

ਮਹਾਨ ਸਾਹਿਤਕਾਰ ਕਵੀ ਤੇ ਸੁਹਿਰਦ ਇਨਸਾਨ ਉਸਤਾਦ ਮਾ. ਅਮਰੀਕ ਸਿੰਘ ਜੀ 22 ਨਵੰਬਰ ਨੂੰ ਅਕਾਲ ਪੁਰਖ ਵੱਲੋਂ ਬਖਸ਼ੀ ਆਯੂ ਭੋਗ ਕੇ ਗੁਰ ਚਰਨਾ ਵਿੱਚ ਜਾ ਬਿਰਾਜੇ ਸਨ। ਉਹਨਾਂ ਨਮਿਤ ਪਾਠ ਦਾ ਭੋਗ 26 ਤਰੀਕ ਨੂੰ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ। ਭੋਗ ਸਮੇਂ 10 ਤੋਂ 11 ਵਜੇ ਤੱਕ ਨਾਮਧਾਰੀ ਪੰਜਾਬੀ ਸਾਹਿਤ ਸਭਾ ਜਿਸ ਦੇ ਨਾਲ ਮਾਸਟਰ ਜੀ ਮੁਢ ਤੋਂ ਹੀ ਜੁੜੇ ਹੋਏ ਸਨ ਤੇ ਉਸ ਦੇ ਵੱਖ-ਵੱਖ ਅਹੁਦੇਦਾਰ ਵਜੋ ਸੇਵਾ ਵੀ ਨਿਭਾ ਚੁੱਕੇ ਸਨ। ਅੱਜ-ਕੱਲ੍ਹ ਉਹ ਸਭਾ ਦੇ ਸਰਪ੍ਰਸਤ ਵਜੋਂ ਸਾਹਿਤਕਾਰ ਸੱਜਣਾ ਦੇ ਸਿਰ ਦਾ ਸਾਇਆ ਬਣੇ ਹੋਏ ਸਨ। ਸਭਾ ਵੱਲੋਂ ਉਹਨਾ ਨੂੰ ਸ਼ਰਧਾਂਜਲੀ ਵਜੋਂ ਕਾਵਿਕ ਪੁਸ਼ਪ ਭੇਟ ਕੀਤੇ ਗਏ। ਮਾਸਟਰ ਜੀ ਖ਼ੁਦ ਵੀ ਇੱਕ ਉੱਚਕੋਟੀ ਦੇ ਕਵੀ ਸਨ।

ਉਹਨਾ ਦੀਆਂ ਦੋ ਦਰਜਨ ਪੁਸਤਕਾਂ ਛਪ ਚੁੱਕੀਆਂ ਹਨ। ਦੋ ਪੁਸਤਕਾਂ ਅਜੇ ਛਪਾਈ ਅਧੀਨ ਵੀ ਹਨ। ਇਸ ਕਾਵਿ ਸ਼ਰਧਾਂਜਲੀ ਵਿੱਚ ਸ੍ਰੀ ਬਲਦੇਵ ਸਿੰਘ ਵੜੈਚ, ਪੂਰਨ ਸਿੰਘ ਨਿਰਾਲਾ, ਹਰਭਜਨ ਸਿੰਘ ਰਾਜਾ, ਬਿਸ਼ਨ ਦਾਸ, ਲਖਵਿੰਦਰ ਸਿੰਘ ਬਾਜਵਾ, ਕਰਨੈਲ ਸਿੰਘ ਅਸਪਾਲ, ਜਸਵੰਤ ਸਿੰਘ, ਪ੍ਰਵੀਨ ਸ਼ਰਮਾ ਅਤੇ ਅਖਨੂਰ ਕੌਰ ਨੇ ਭਾਗ ਲਿਆ। ਜਸਵਿੰਦਰ ਸਿੰਘ ਭਿੰਡਰ, ਜਸਵੀਰ ਸਿੰਘ ਮੌਜੀ ਤੇ ਹਰਭਜਨ ਸਿੰਘ ਪ੍ਰਵਾਨਾ ਵੀ ਮੌਕੇ ਤੇ ਹਾਜ਼ਰ ਸਨ, ਜੋ ਸਮੇਂ ਦੀ ਨਜ਼ਾਕਤ ਨੂੰ ਵੇਖਦੇ ਹਾਜ਼ਰੀ ਨਹੀ ਲਵਾ ਸਕੇ।

ਇਸ ਤੋਂ ਉਪਰੰਤ ਹਜ਼ੂਰੀ ਰਾਗੀ ਘੁੱਲਾ ਜੀ ਦੇ ਫਰਜੰਦ ਜਥੇਦਾਰ ਗੁਰਲਾਲ ਸਿੰਘ ਨੇ ਰਸ ਭਿੰਨਾ ਕੀਰਤਨ ਕੀਤਾ। ਕੀਰਤਨ ਤੋਂ ਬਾਅਦ ਸ. ਮਲਕੀਤ ਸਿੰਘ ਖੋਸਾ ਅਤੇ ਸ. ਸਵਰਨ ਸਿੰਘ ਦੁਆਰਾ ਮਾਸਟਰ ਜੀ ਦੀਆਂ ਉਪਲਬਧੀਆਂ ਤੇ ਚਾਨਣਾ ਪਾਉਂਦਿਆਂ ਹੋਇਆਂ ਸ਼ਰਧਾਂਜਲੀ ਅਰਪਿਤ ਕੀਤੀ ਗਈ। ਮਾਸਟਰ ਜੀ ਦੇ ਪੋਤਰੇ ਵੱਲੋਂ ਕਨੇਡਾ ਵਿੱਚੋਂ ਭੇਜੀ ਗਈ ਆਪਣੇ ਦਾਦਾ ਜੀ ਬਾਰੇ ਭਾਵ ਭਿੰਨੀ ਕਵਿਤਾ ਚਾਨਾ ਜੀ ਵੱਲੋਂ ਪੜ੍ਹ ਕੇ ਸੁਣਾਈ ਗਈ। ਮਾਸਟਰ ਜੀ ਦੀ ਪੋਤਰੀ ਅਵਨੀਤ ਦੁਆਰਾ ਲਿਖੀ ਰਚਨਾ ਉਹਨਾ ਦੀ ਹੀ ਪੋਤਰੀ ਰਵਨੀਤ ਦੁਆਰਾ ਪੇਸ਼ ਕੀਤੀ ਗਈ।

ਸਟੇਜ ਦਾ ਭਾਰ ਗੁਰਭੇਜ ਸਿੰਘ ਗੁਰਾਇਆ ਨੇ ਸੰਭਾਲਿਆ। ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਸ਼ੋਕ ਸੰਦੇਸ਼ ਭੇਜੇ ਗਏ, ਜਿੰਨਾ ਵਿੱਚ-ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ, ਲੋਕ ਸਾਹਿਤ ਸਭਾ ਰਾਣੀਆਂ, ਲੋਕ ਪੰਚਾਇਤ, ਕੇਂਦਰੀ ਪੰਜਾਬੀ ਲੇਖਕ ਸਭਾ ਹਰਿਆਣਾ, ਕੇਂਦਰੀ ਲੇਖਕ ਸਭਾ ਸੇਖੋਂ, ਪੰਜਾਬੀ ਸਾਹਿਤ ਸਭਾ ਸਿਰਸਾ, ਪ੍ਰਗਤੀਸ਼ੀਲ ਲੇਖਕ ਸੰਘ ਹਰਿਆਣਾ, ਪ੍ਰਗਤੀਸ਼ੀਲ ਲੇਖਕ ਸੰਘ ਸਿਰਸਾ, ਕੇਂਦਰੀ ਪੰਜਾਬੀ ਲੇਖਕ ਸਭਾ ਆਦਿ। ਇਸ ਤੋਂ ਉਪਰੰਤ ਸਤਿਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਪਵਿੱਤਰ ਉਪਦੇਸ਼ ਦੇ ਕੇ ਸੰਗਤਾਂ ਨੂੰ ਨਿਵਾਜਿਆ। ਇਸ ਤੋਂ ਬਾਅਦ ਨੌਵੇਂ ਮਹੱਲੇ ਦੇ ਸਲੋਕ ਪੜ੍ਹ ਕੇ ਅੰਤਿਮ ਅਰਦਾਸ ਕੀਤੀ ਗਈ। ਇਸ ਮੇਲੇ ਤੇ ਹੋਇਆ ਭਾਰੀ ਇਕੱਠ ਮਾਸਟਰ ਜੀ ਦੀ ਕੀਰਤੀ ਦੀ ਪ੍ਰੋੜਤਾ ਕਰ ਰਿਹਾ ਸੀ।

**ਲਖਵਿੰਦਰ ਸਿੰਘ ਬਾਜਵਾ**
**ਪ੍ਰਧਾਨ ਨਾਮਧਾਰੀ ਪੰਜਾਬੀ ਸਾਹਿਤ ਸਭਾ**
**ਸ੍ਰੀ ਜੀਵਨ ਨਗਰ, ਸਿਰਸਾ।**

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਦੌਰਾ ਇਲਾਕਾ ਸ੍ਰੀ ਜੀਵਨ ਨਗਰ

ਭਾਰਤ ਤੇ ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਇਲਾਕਾ ਸ੍ਰੀ ਜੀਵਨ ਨਗਰ ਦੀ ਧਰਤੀ ਨੂੰ ਖ਼ਰੀਦਣਾ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦੂਰ ਅੰਦੇਸ਼ੀ ਦੀ ਆਪਣੇ ਆਪ ਵਿੱਚ ਇੱਕ ਮਿਸਾਲ ਹੈ। ਕਿਸ ਤਰ੍ਹਾਂ ਆਉਣ ਵਾਲੇ ਸਮੇਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਧ ਸੰਗਤ ਨੂੰ ਆਉਣ ਵਾਲੀਆਂ ਮੁਸ਼ਕਲਾਂ ਦਾ ਪਹਿਲਾਂ ਹੱਲ ਸੋਚ ਰੱਖਿਆ ਸੀ। ਉੱਜੜ ਕੇ ਆਏ ਲੋਕਾਂ ਨੂੰ ਮੁੜ ਵਸਾਉਣਾ ਇੱਕ ਵੱਖਰਾ ਇਤਿਹਾਸ ਹੈ। ਇਸ ਧਰਤੀ ਨੂੰ ਆਬਾਦ ਕਰਨ ਲਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਕੀਤੀਆਂ ਬਖ਼ਸ਼ਿਸ਼ਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਜਿਨ੍ਹਾਂ ਬਖਸ਼ਿਸ਼ਾਂ ਦਾ ਨਾਮਧਾਰੀ ਪੰਥ ਹਮੇਸ਼ਾਂ ਰਿਣੀ ਰਹੇਗਾ। ਇਸ ਇਲਾਕੇ ਦੀ ਸਾਧ ਸੰਗਤ ਨੂੰ ਵਰਤਮਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਉਚੇਚੇ ਤੌਰ 'ਤੇ ਨਿਵਾਜਦੇ ਹਨ।

**24 ਨਵੰਬਰ 2021 ਦਿਨ ਬੁੱਧਵਾਰ** ਸਵੇਰੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ 8:20 ਮਿੰਟ ਤੇ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਤੋਂ ਸਿੱਖਾਂ ਸੇਵਕਾਂ ਸਮੇਤ ਮਾਤਾ ਗੁਰਸ਼ਰਨ ਕੌਰ ਜੀ ਇਲਾਕਾ ਸ੍ਰੀ ਜੀਵਨ ਨਗਰ ਵਿਖੇ ਸਮੂਹ ਸੰਗਤਾਂ ਨੂੰ ਦਰਸ਼ਨ ਦੇਣ ਲਈ ਚਾਲੇ ਪਾਏ। ਵਾਇਆ ਬਰਨਾਲਾ ਹੁੰਦੇ ਹੋਏ, ਤਪਾ ਮੰਡੀ ਦੇ ਕੋਲ ਜੀ ਟੀ ਰੋਡ ਦੇ ਉੱਪਰ ਹੀ ਗੁਰਵਿੰਦਰ ਸਿੰਘ ਕਾਲਾ ਹਾਕੀ ਖਿਡਾਰੀ ਦੇ ਪਿਤਾ ਸ. ਬਲਬੀਰ ਸਿੰਘ ਦੀ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਬਠਿੰਡਾ ਡੱਬਵਾਲੀ ਹੁੰਦੇ ਹੋਏ ਸ੍ਰੀ ਜੀਵਨ ਨਗਰ ਦੇ ਨਾਮਧਾਰੀ ਫਾਰਮ ਟਿੱਬਾ ਵਿਖੇ ਆਣ ਪਹੁੰਚੇ ਅਤੇ ਉਥੋਂ ਦੇ ਪ੍ਰਬੰਧਕਾਂ ਦੇ ਨਾਲ ਫਸਲ ਬਾੜੀ ਨੂੰ ਨਿਹਾਰਿਆ ਇਸ ਦੌਰੇ ਸਮੇਂ ਕੈਨੇਡਾ ਦੇ ਸੂਬਾ ਰੇਸ਼ਮ ਸਿੰਘ ਅਤੇ ਉਨ੍ਹਾਂ ਦੀ ਧਰਮ ਪਤਨੀ ਬੀਬੀ ਹਰਜਿੰਦਰ ਕੌਰ ਵੀ ਨਾਲ ਸਨ। ਜੀਵਨ ਨਗਰ ਪੈਟਰੋਲ ਪੰਪ ਤੇ ਰੁਕਣ ਤੋਂ ਬਾਅਦ ਦਇਆ ਸਿੰਘ ਦੇ ਥੇੜ ਤਲਵਾੜਾ ਵਿਖੇ ਸਰਦਾਰ ਗੁਰਦੀਪ ਸਿੰਘ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਨਾਮਧਾਰੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਦੇ ਸਰਪ੍ਰਸਤ ਮਾ. ਅਮਰੀਕ ਸਿੰਘ ਜੀ ਜੋ ਕੁਝ ਦਿਨ ਪਹਿਲਾਂ ਚੜ੍ਹਾਈ ਕਰ ਗਏ ਸਨ ਉਨ੍ਹਾਂ ਦੇ ਪਰਿਵਾਰ ਨੂੰ ਐਲਨਾਬਾਦ ਵਿਖੇ ਦਰਸ਼ਨ ਦੇ ਕੇ ਨਿਵਾਜਿਆ। ਇੱਥੋਂ ਹੀ ਵਾਪਸੀ ਸਮੇਂ ਪ੍ਰਤਾਪ ਨਗਰ ਬਾਹਰ ਢਾਣੀ ਦੇ ਮਾਸਟਰ ਸਾਧੂ ਸਿੰਘ ਦੇ ਸਪੁੱਤਰ ਤੇਗਾ ਸਿੰਘ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦਿੱਤੇ ਉੱਥੇ ਹੀ ਸ. ਬਲੀ ਸਿੰਘ ਸਰਪੰਚ ਦੇ ਘਰੋਂ ਬੀਬੀ ਬਲਵਿੰਦਰ ਕੌਰ ਤੇ ਚੜ੍ਹਾਈ ਕਰਨ ਦੇ ਉਨ੍ਹਾਂ ਦੇ ਗ੍ਰਹਿ ਵਿਖੇ ਪ੍ਰਤਾਪ ਨਗਰ ਦਰਸ਼ਨ ਦਿੱਤੇ। ਦਿਲਬਾਗ ਸਿੰਘ, ਦਇਆ ਸਿੰਘ, ਸਵਰਨ ਸਿੰਘ ਅਤੇ ਹਰਦੇਵ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਸ਼ਾਮ ਦਾ ਨਾਮ ਸਿਮਰਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮਸਤਾਨਗੜ੍ਹ ਵਿਖੇ 5 ਵਜੇ ਤੋਂ 6 ਵਜੇ ਤੱਕ ਹੋਇਆ। ਉਪਰੰਤ ਜਥੇਦਾਰ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਹੱਲੇ ਦਾ ਦੀਵਾਨ ਸਜਾਇਆ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਪ੍ਰਸੰਗ ਸਾਧ ਸੰਗਤ ਨੂੰ ਸੁਣਾਇਆ ਅਰਦਾਸ ਉਪਰੰਤ ਸਾਧ ਸੰਗਤ ਨੂੰ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਬਾਰੇ ਅਨਾਊਂਸਮੈਂਟ ਕੀਤੀ ਗਈ।

**25 ਨਵੰਬਰ 2021 ਦਿਨ ਵੀਰਵਾਰ** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਸ਼ਾਮ ਸਿੰਘ ਸਰਮੁਖ ਸਿੰਘ ਅਤੇ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਵੱਲੋਂ ਕੀਤਾ ਗਿਆ। ਅੱਜ ਦਾ ਪ੍ਰੋਗਰਾਮ ਸੰਤਨਗਰ ਪ੍ਰਤਾਪ ਮੰਦਰ ਵਿਚ ਹੋਇਆ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਬਾਅਦ ਪ੍ਰਤਾਪ ਮੰਦਰ ਵਿੱਚ ਹੀ ਸਰਦਾਰ ਨਿਰੰਜਣ ਸਿੰਘ ਵੱਲੋਂ ਪਵਿੱਤਰ ਗੁਰਬਾਣੀ ਦੇ ਤਿੰਨ ਅਖੰਡ ਪਾਠਾਂ ਦੇ ਭੋਗ ਪਾਏ ਗਏ। ਇੱਕ ਅਖੰਡ ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਇੱਕ ਅਖੰਡ ਪਾਠ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਚੜ੍ਹਦੀ ਕਲਾ ਲਈ ਅਤੇ ਇੱਕ ਅਖੰਡ ਪਾਠ ਪਰਿਵਾਰ ਦੀ ਸੁੱਖ ਸ਼ਾਂਤੀ ਅਤੇ ਗੁਰਸਿੱਖੀ ਦੀ ਦਾਤ ਲਈ, ਸਮਾਪਤੀ ਉਪਰੰਤ ਸ. ਪਸ਼ੌਰਾ ਸਿੰਘ, ਜਥੇ. ਜਸਪਾਲ ਸਿੰਘ, ਰਾਗੀ ਮਹਿਲ ਸਿੰਘ ਦੇ ਘਰਾਂ ਵਿੱਚ ਚਰਨ ਪਾਏ ਅਤੇ ਦੀਦਾਰ ਸਿੰਘ ਦੇ ਪਿਤਾ ਸ. ਸੰਤੋਖ ਸਿੰਘ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸਤਨਾਮ ਸਿੰਘ, ਧਿਆਨ ਸਿੰਘ ਦੀ ਮਾਤਾ ਬੀਬੀ ਪਿਆਰ ਕੌਰ ਧਰਮ ਪਤਨੀ ਸੂਬਾ ਧਰਮ ਸਿੰਘ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ ਅਤੇ ਸਰਦਾਰ ਮਲੂਕ ਸਿੰਘ ਨੂੰ ਦਰਸ਼ਨ ਦਿੱਤੇ ਇੱਥੇ ਹੀ ਸਰਦਾਰ ਬਾਜ ਸਿੰਘ ਸਪੁੱਤਰ ਗਿਆਨ ਸਿੰਘ ਦੇ ਘਰ ਚਰਨ ਪਾਏ ਮਸਤਾਨਗੜ੍ਹ ਆਣ ਕੁਝ ਸਮਾਂ ਰੁਕ ਕੇ ਦਲਜੀਤ ਸਿੰਘ ਬਲ ਅਤੇ ਜਸਪਾਲ ਸਿੰਘ ਬੱਲ ਦੇ ਗ੍ਰਹਿ ਵਿਖੇ ਪ੍ਰਸ਼ਾਦ ਪਾਣੀ

ਛਕਿਆ। ਇੱਥੋਂ ਹੀ ਸਿਰਸਾ ਸ਼ਹਿਰ ਦੇ ਨਜ਼ਦੀਕ ਪਿੰਡ ਬਾਜੇ ਕੇ ਸਰਦਾਰ ਹਰਬੰਸ ਸਿੰਘ ਦੀ ਅਰਜ਼ ਬੇਨਤੀ ਪ੍ਰਵਾਨ ਕਰਦੇ ਹੋਏ ਬਾਜੇਕੇ ਵਿਖੇ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਅਤੇ ਸਰਦਾਰ ਬਖਸ਼ੀਸ਼ ਸਿੰਘ ਦਲਵਿੰਦਰ ਸਿੰਘ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਸ਼ਾਮ ਨੂੰ ਸਤਿਗੁਰੂ ਹਰੀ ਸਿੰਘ ਕਾਲਜ ਦੇ ਸਟੇਡੀਅਮ ਵਿੱਚ ਖਿਡਾਰੀ ਬੱਚਿਆਂ ਅਤੇ ਉਨ੍ਹਾਂ ਦੇ ਕੋਚ ਸਾਹਿਬਾਨ ਨੂੰ ਕਾਲਜ ਵਿਖੇ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ਼ਾਮ ਦਾ ਨਾਮ ਸਿਮਰਨ ਸੰਤਨਗਰ ਪ੍ਰਤਾਪ ਮੰਦਰ ਵਿਖੇ ਛੇ ਤੋਂ ਸੱਤ ਵਜੇ ਤੱਕ ਹੋਇਆ। ਨਾਮ ਸਿਮਰਨ ਉਪਰੰਤ ਸਰਦਾਰ ਜਸਵਿੰਦਰ ਸਿੰਘ ਭਿੰਡਰ ਨੇ ਹੱਲੇ ਦਾ ਦੀਵਾਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸਜਾਇਆ ਅਤੇ ਪਵਿੱਤਰ ਗੁਰਬਾਣੀ ਦੇ ਇੱਕ ਪਾਠ ਦਾ ਭੋਗ ਸਰਦਾਰ ਮਹਿੰਦਰ ਸਿੰਘ ਨਮਿੱਤ ਵਰ੍ਹੀਣੇ ਦਾ ਪਾਇਆ ਗਿਆ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ਼ਾਮ ਨੂੰ ਪਿੰਡ ਕਰੀਵਾਲਾ ਵਿਖੇ ਸਰਦਾਰ ਰਘਬੀਰ ਸਿੰਘ ਦੇ ਸਪੁੱਤਰ ਗੁਰਦੇਵ ਸਿੰਘ ਦੇ ਨਵੇਂ ਬਣਾਏ ਮਕਾਨ ਵਿਖੇ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਇੱਥੇ ਹੀ ਵਾਪਸ ਮਸਤਾਨਗੜ੍ਹ ਆਕੇ ਰਾਤ ਵਿਸ਼ਰਾਮ ਕੀਤਾ

**26 ਨਵੰਬਰ 2021 ਦਿਨ ਸ਼ੁੱਕਰਵਾਰ** ਅੱਜ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿੱਚ ਜਥੇਦਾਰ ਗੁਰਲਾਲ ਸਿੰਘ ਸ਼ਾਮ ਸਿੰਘ ਸਰਮੁਖ ਸਿੰਘ ਅਤੇ ਜਥੇਦਾਰ ਜਸਵਿੰਦਰ ਸਿੰਘ ਨੇ ਮਿਲ ਕੇ ਪਿੰਡ  ਕੁੱਤਾ ਵੱਢ ਦੀ ਨਾਮਧਾਰੀ ਧਰਮਸ਼ਾਲਾ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋਇਆ। ਵਾਰ ਦੀ ਸਮਾਪਤੀ ਬਾਅਦ ਪਵਿੱਤਰ ਗੁਰਬਾਣੀ ਦੇ ਚਾਰ ਪਾਠਾਂ ਦੇ ਭੋਗ ਪਾਏ ਗਏ। ਸਾਧ ਸੰਗਤ ਵਲੋਂ ਅੱਜ ਦਾ ਮੇਲਾ ਸੰਤ ਗੋਪਾਲ ਸਿੰਘ ਜੀ ਦੀ ਯਾਦ ਵਿਚ ਕੀਤਾ ਗਿਆ। ਇੱਥੋਂ ਹੀ ਵਾਪਸ ਆਣ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮਸਤਾਨਗੜ੍ਹ ਵਿਖੇ ਗੁਰਮੁਖ ਸਿੰਘ ਨਾਮਧਾਰੀ ਸੀਡਜ਼ ਦੀ ਸਪੁੱਤਰੀ ਪਰਮਪ੍ਰੀਤ ਕੌਰ ਦਾ  ਆਨੰਦ ਕਾਰਜ ਸਰਦਾਰ ਨਿਰਵੈਰ ਸਿੰਘ ਦੇ ਸਪੁੱਤਰ ਸ. ਨਵਦੀਪ ਸਿੰਘ ਪ੍ਰਤਾਪ ਨਗਰ ਨਾਲ ਹੋਇਆ। ਇੱਥੋਂ ਚੱਲ ਕੇ ਸ੍ਰੀ ਸਤਿਗੁਰੂ ਜੀ ਨੇ ਰਾਣੀਆਂ ਸ਼ਹਿਰ ਵਿਖੇ ਸ੍ਰੀ ਸਤਿਗੁਰੂ ਜੀ ਨੇ ਸਰਦਾਰ ਗੁਰਦੇਵ ਸਿੰਘ ਸੰਧੂ, ਸਰਦਾਰ ਬਲੀ ਸਿੰਘ ਗਿੱਲ, ਬੂਟਾ ਸਿੰਘ ਜੰਟੂ, ਹਰਮੇਜ ਸਿੰਘ ਦਿਓਲ, ਬਲਦੇਵ ਸਿੰਘ ਦਿਓਲ, ਜਸਵੰਤ ਸਿੰਘ ਰੰਧਾਵਾ ਟੈਂਟ ਹਾਊਸ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ। ਹਰਦੇਵ ਸਿੰਘ ਦਿਓਲ ਦੇ ਘਰੋਂ ਬੀਬੀ ਚੜ੍ਹਾਈ ਕਰਨ 'ਤੇ ਅਤੇ ਸਰਦਾਰ ਪ੍ਰੇਮ ਸਿੰਘ ਗੋਰੇਨੰਗਲ ਦੇ ਪਿਤਾ ਸਰਦਾਰ ਮਹਿੰਦਰ ਸਿੰਘ ਗੋਰੇਨੰਗਲ ਦੇ ਚੜ੍ਹਾਈ ਕਰਨ 'ਤੇ ਪਰਿਵਾਰਾਂ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਨੇ ਰਾਣੀਆਂ ਤੋਂ ਵਾਪਸ ਆਉਣ ਸਮੇਂ ਸੰਤਨਗਰ ਵਿਖੇ ਬੀਬੀ ਭਜਨੋ ਦੇ ਗ੍ਰਹਿ ਵਿਖੇ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਅਤੇ ਪ੍ਰਸ਼ਾਦ ਪਾਣੀ ਛਕਿਆ। ਫਿਰ ਸੰਤਨਗਰ ਵਿਖੇ ਸ੍ਰੀ ਸਤਿਗੁਰੂ ਜੀ ਨੇ ਐਲਨਾਬਾਦ ਵਿਖੇ ਮਾ. ਅਮਰੀਕ ਸਿੰਘ ਜੀ ਦੇ ਭੋਗ ਸਮਾਗਮ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਵਾਪਸੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਅੰਮ੍ਰਿਤਸਰ ਕਲਾਂ ਵਿਖੇ ਸ. ਗੁਰਮੁਖ ਸਿੰਘ ਪੁੱਤਰ ਅਵਤਾਰ ਸਿੰਘ ਘੁੰਮਣ, ਸ. ਦਰਸ਼ਨ ਸਿੰਘ, ਹਰਦਿਆਲ ਸਿੰਘ ਅਤੇ ਸਰਦਾਰ ਸਿੰਘ ਦੇ ਘਰਾਂ ਵਿੱਚ ਚਰਨ ਪਾਉਣ ਉਪਰੰਤ ਸਰਦਾਰ ਨੱਥਾ ਸਿੰਘ ਅਤੇ ਸ. ਠਾਕਰ ਸਿੰਘ ਘਰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਨੇ ਕੀਤੀ ਇੱਥੋਂ ਹੀ ਮਸਤਾਨਗੜ੍ਹ ਪਹੁੰਚ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਵਾਪਸੀ ਲਈ ਚਾਲੇ ਪਾਏ ਅਤੇ ਰਸਤੇ ਵਿੱਚ ਸ੍ਰੀ ਸਤਿਗੁਰੂ ਜੀ ਨੇ ਬਠਿੰਡਾ ਸ਼ਹਿਰ ਵਿਖੇ ਸਰਦਾਰ ਜਸਵੰਤ ਸਿੰਘ ਫ਼ੌਜੀ ਘਰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਰਾਤ ਹਨ੍ਹੇਰੇ ਹੋਣ ਤੇ ਸਤਿਗੁਰੂ ਜੀ ਇਲਾਕਾ ਸ੍ਰੀ ਜੀਵਨ ਨਗਰ ਦੇ ਦੌਰੇ ਦੀ ਸਮਾਪਤੀ ਕਰਦੇ ਹੋਏ ਸ੍ਰੀ ਭੈਣੀ ਸਾਹਿਬ ਆਣ ਪਹੁੰਚੇ।

## ਬਜੀਦਪੁਰ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਪਿੰਡ ਬਜ਼ੀਦਪੁਰ ਦੇ ਸਰਦਾਰ ਗੁਰਚੈਨ ਸਿੰਘ ਨੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹਜ਼ੂਰ ਹੋ ਕੇ ਅਰਜ਼ ਕੀਤੀ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਅਰਜ਼ ਪ੍ਰਵਾਨ ਕਰਦੇ ਹੋਏ ਮਿਤੀ **18 ਨਵੰਬਰ 2021** ਦਿਨ ਵੀਰਵਾਰ ਨੂੰ ਉਨ੍ਹਾਂ ਦੇ ਗ੍ਰਹਿ ਪਿੰਡ ਬਜੀਦਪੁਰ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਵਿੱਤਰ ਗੁਰਬਾਣੀ ਦੇ ਅਖੰਡ ਪਾਠ ਦਾ ਭੋਗ ਪਾਇਆ ਗਿਆ। ਉਪਰੰਤ ਜਥੇਦਾਰ ਬਲਬੀਰ ਸਿੰਘ ਭੈਣੀ ਸਾਹਿਬ ਵਾਲਿਆਂ ਨੇ ਦੀਵਾਨ ਸਜਾਇਆ। ਸੰਗਤ ਦੇ ਅਰਜ਼ ਕਰਨ ਤੇ ਸ੍ਰੀ ਸਤਿਗੁਰੂ ਜੀ ਨੇ ਸੰਤੋਖ ਸਿੰਘ, ਬੀਬੀ ਗਿਆਨ ਕੌਰ, ਅਮਰੀਕ ਸਿੰਘ, ਬਲਵਿੰਦਰ ਸਿੰਘ, ਜੋਧ ਸਿੰਘ, ਮੋਹਨ ਸਿੰਘ, ਸ਼ਿਆਮ ਸਿੰਘ, ਬੀਬੀ ਹਰਪਾਲ ਕੌਰ ਅਤੇ ਸੁਰਜੀਤ ਸਿੰਘ ਦੇ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਕੀਤੀ। ਇੱਥੋਂ ਹੀ ਸ੍ਰੀ ਸਤਿਗੁਰੂ ਜੀ ਨੇ ਵਾਪਸ ਸ੍ਰੀ ਭੈਣੀ ਸਾਹਿਬ ਨੂੰ ਚਾਲੇ ਪਾਏ ਅਤੇ ਸਾਧ ਸੰਗਤ ਨੂੰ ਆ ਕੇ ਦਰਸ਼ਨ ਦਿੱਤੇ।

**ਸੂਬਾ ਬਲਵਿੰਦਰ ਸਿੰਘ ਝੱਲ**

## ਸ੍ਰੀ ਭੈਣੀ ਸਾਹਿਬ ਵਿਖੇ 20 ਤੋਂ 22 ਨਵੰਬਰ ਦੌਰਾਨ ਹੋਏ ਸੰਗੀਤ ਸੰਮੇਲਨ ਦੀਆਂ ਝਲਕੀਆਂ

### ਮਿਤੀ: 21 ਨਵੰਬਰ 2021









### ਮਿਤੀ: 22 ਨਵੰਬਰ 2021










Date of Publication: 6 December 2021
Date of Posting: 8 December 2021

RNI NO.55658/93
LDM/008/2021-2023



ਚੜ੍ਹਿਆ ਖ਼ਾਨ-ਵਜ਼ੀਦ, ਤੂਫ਼ਾਨ ਬਣ ਕੇ,
ਅੱਗੋਂ ਸਿੰਘ ਵੀ, ਵਾਂਗ ਤੂਫ਼ਾਨ ਟੱਕਰੇ।
ਸਿੰਘਾਂ ਪਲਾਂ ਵਿੱਚ, ਟੁੱਕ-ਟੁੱਕ ਔਹ ਮਾਰੇ,
ਜਿਹੜੇ-ਜਿਹੜੇ ਵੀ, ਆਕੜਖਾਨ ਟੱਕਰੇ।
'ਨਾਹਰ ਖਾਂ' ਨੂੰ, ਪਾਣੀ ਨਾ ਪੀਣ ਦਿੱਤਾ,
ਐਸੇ ਮਾਰੂ ਦਸ਼ਮੇਸ਼ ਦੇ ਬਾਨ ਟੱਕਰੇ।
'ਜ਼ਾਫ਼ਰਬੇਗ' ਜਰਨੈਲ ਦੇ ਹੋਸ਼ ਉਡੇ,
ਧੋਧੇ 'ਜੀਤ','ਜੁਝਾਰ' ਬਲਵਾਨ ਟੱਕਰੇ।

'ਗੜ੍ਹੀ' ਵਿਚੋਂ ਦਸ਼ਮੇਸ਼ ਲਲਕਾਰ ਉੱਠਿਆ,
ਜਿੱਤਿਆ ਯੁੱਧ ਹੈ ਸਿੰਘਾਂ ਬਲਕਾਰੀਆਂ ਨੇ।
'ਪਾਂਧੀ' ਯੁੱਧ ਨਹੀਂ, ਕਦੇ ਉਹ ਜਿੱਤ ਸਕਦੇ,
ਜੇਹੜੇ ਰੱਖਦੇ, ਜਿੰਦਾਂ ਪਿਆਰੀਆਂ ਨੇ।

- ਪਾਂਧੀ ਨਾਨਕਾਣਵੀ

– 1920 ਈ. ਤੋਂ ਸਥਾਪਤ 'ਸਤਿਜੁਗ' ਪਰਚਾ ਵੱਖ-ਵੱਖ ਸਥਾਨਾਂ (ਲਾਹੌਰ, ਸ੍ਰੀ ਭੈਣੀ ਸਾਹਿਬ, ਜੀਵਨ ਨਗਰ, ਦਿੱਲੀ) ਤੋਂ ਛਪਦਾ ਰਿਹਾ ਹੈ। ਜਿਸ ਕਰਕੇ ਜਿਲਦ ਨੰ. ਬਦਲਦੇ ਰਹੇ ਹਨ। ਹੁਣ ਜਦ 'ਸਤਿਜੁਗ' 100 ਸਾਲ ਦਾ ਸਫ਼ਰ ਤੈਅ ਕਰ ਚੁੱਕਾ ਹੈ ਤਾਂ ਅਸੀਂ ਚੱਲ ਰਹੀ ਜਿਲਦ ਨੰ. 29 ਬਦਲਕੇ 101 ਕਰ ਰਹੇ ਹਾਂ, ਜੋ ਕਿ ਤਰਤੀਬ ਅਨੁਸਾਰ ਠੀਕ ਹੈ ਤੇ ਅੱਗੇ ਤੋਂ ਇਹ ਲੜੀ ਬਰਕਰਾਰ ਰਹੇਗੀ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.